# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ
# Hymns of Sri Guru Teg Bahadur ji
# श्री गुरु तेग बहादुर जी की वाणी

Translations based on Prof. Sahib Singh's Punjabi Teeka
Edited by: Dr. Kulbir Singh Thind, MD

**Page 219**

**ੴ ਸਤਿਗੁਰ ਪ੍ਰਸਾਦਿ ॥**
**ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

**ਰਾਗੁ ਗਉੜੀ ਮਹਲਾ ੯ ॥**
**रागु गउड़ी महला ९ ॥**
ਰਾਗ ਗਉੜੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।
Hymns of Sri Guru Teg Bahadur ji in Musical Gouṛee
राग गउड़ी में श्री गुरु तेग बहादुर जी की वाणी।

**ਸਾਧੋ ਮਨ ਕਾ ਮਾਨੁ ਤਿਆਗਉ ॥**
**साधो मन का मानु तिआगउ ॥**
ਹੇ ਸੰਤ ਜਨੋ! (ਆਪਣੇ) ਮਨ ਦਾ ਅਹੰਕਾਰ ਛੱਡ ਦਿਓ।
O holy persons! Give up the ego of your mind.
हे संत जनो! मन का अहंकार त्याग दो।

**ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥**
**कामु क्रोधु संगति दुरजन की ता ते अहिनिसि भागउ ॥१॥ रहाउ ॥**
ਕਾਮ ਅਤੇ ਕ੍ਰੋਧ (ਵੀ) ਭੈੜੇ ਮਨੁੱਖ ਦੀ ਸੰਗਤ (ਵਾਂਗ ਹੀ) ਹੈ, ਇਸ ਤੋਂ (ਵੀ) ਦਿਨ ਰਾਤ (ਹਰ ਵੇਲੇ) ਪਰੇ ਰਹੋ ॥੧॥ ਠਹਿਰਾਉ ॥
Lust and anger are also like the company of a bad person; stay away from them day and night (at all times). ||1|| Pause.||
काम तथा क्रोध भी बुरे मनुष्य की संगति जैसे हैं, इनसे दिन-रात दूर रहो ॥१॥ विराम॥

**ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥**
**सुखु दुखु दोनो सम करि जानै अउरु मानु अपमाना ॥**
(ਹੇ ਸੰਤ ਜਨੋ! ਜੇਹੜਾ ਮਨੁੱਖ) ਸੁਖ ਅਤੇ ਦੁੱਖ ਦੋਹਾਂ ਨੂੰ ਇਕੋ ਜਿਹਾ ਜਾਣਦਾ ਹੈ, ਅਤੇ ਜੇਹੜਾ ਆਦਰ ਤੇ ਨਿਰਾਦਰ ਨੂੰ (ਵੀ) ਇਕ ਸਮਾਨ ਜਾਣਦਾ ਹੈ। (ਕੋਈ ਮਨੁੱਖ ਉਸ ਦਾ ਆਦਰ ਕਰੇ ਤਾਂ ਵੀ ਪਰਵਾਹ ਨਹੀਂ, ਜੇ ਕੋਈ ਉਸ ਦੀ ਨਿਰਾਦਰੀ ਕਰੇ ਤਾਂ ਵੀ ਪਰਵਾਹ ਨਹੀਂ),
(O holy persons!) The person who considers happiness and sorrow to be the same, and who considers respect and disrespect to be the same. (He does not care even if someone respects him, he does not care even if someone disrespects him),

(हे संत जनो!) जो पुरुष सुख तथा दुःख दोनों को एक समान जानता है, तथा जो मान तथा अपमान दोनों को एक समान जानता है। (उसे इसकी परवाह नहीं कि कोई उसका सम्मान करता है या अनादर करता है),

**ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥**

**हरख सोग ते रहै अतीता तिनि जगि ततु पछाना ॥१॥**

ਤੇ ਜੇਹੜਾ ਮਨੁੱਖ ਖ਼ੁਸ਼ੀ ਅਤੇ ਗ਼ਮੀ ਦੋਹਾਂ ਤੋਂ ਨਿਰਲੇਪ ਰਹਿੰਦਾ ਹੈ (ਖ਼ੁਸ਼ੀ ਦੇ ਵੇਲੇ ਅਹੰਕਾਰ ਵਿਚ ਨਹੀਂ ਆ ਜਾਂਦਾ ਤੇ ਗ਼ਮੀ ਦੇ ਵੇਲੇ ਘਬਰਾ ਨਹੀਂ ਜਾਂਦਾ) ਉਸ ਨੇ ਜਗਤ ਵਿਚ ਜੀਵਨ ਦਾ ਭੇਤ ਸਮਝ ਲਿਆ ਹੈ ॥੧॥

and the person who stays aloof from both happiness and sorrow (does not become arrogant in times of happiness and does panic in times of sorrow) he has understood the secret of a spiritual life in this world. ||1||

तथा जो मनुष्य सुख-दुःख दोनों से विरक्त रहता है (सुख के समय अभिमानी नहीं होता तथा दुःख के समय भयभीत नहीं होता) उसने संसार में जीवन का रहस्य समझ लिया है ॥१॥

**ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥**

**उसतति निंदा दोऊ तिआगै खोजै पदु निरबाना ॥**

(ਹੇ ਸੰਤ ਜਨੋ! ਉਸ ਮਨੁੱਖ ਨੇ ਅਸਲੀਅਤ ਲੱਭ ਲਈ ਹੈ ਜੇਹੜਾ) ਨਾ ਕਿਸੇ ਦੀ ਖ਼ੁਸ਼ਾਮਦ ਕਰਦਾ ਹੈ ਨਾ ਕਿਸੇ ਦੀ ਨਿੰਦਾ ਕਰਦਾ ਹੈ, ਤੇ ਜੋ ਉਸ ਆਤਮਕ ਅਵਸਥਾ ਦੀ ਸਦਾ ਭਾਲ ਕਰਦਾ ਹੈ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ।

(O holy persons! That person has found the truth) who neither flatters nor criticizes anyone, and who always searches for that spiritual state where no lust can reach.

(हे संत जनो!) उस मनुष्य ने सत्य पा लिया है) जो न तो किसी की खुशामद करता है, न किसी की निंदा करता है, तथा जो सदैव उस आध्यात्मिक अवस्था की खोज करता है, जहाँ कोई भी वासना नहीं छू सकती।

**ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥**

**जन नानक इहु खेलु कठनु है किनहूं गुरमुखि जाना ॥२॥१॥**

(ਪਰ) ਹੇ ਨਾਨਕ! ਇਹ (ਜੀਵਨ-) ਖੇਡ (ਖੇਡਣੀ) ਔਖੀ ਹੈ। ਕੋਈ ਵਿਰਲਾ ਮਨੁੱਖ ਗੁਰੂ ਦੀ ਸਰਨ ਪੈ ਕੇ ਇਸ ਨੂੰ ਸਮਝਦਾ ਹੈ ॥੨॥੧॥

(But) O Nanak! This game (of life) is difficult to play. Only a few people understand this by taking refuge in a Guru. ||2||1||

(परन्तु) हे नानक! यह (जीवन-)खेल कठिन है। कोई अनोखा ही गुरु की शरण में जाकर इसे समझ पाता है ॥२॥१॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Gouṛee

राग गउड़ी में श्री गुरु तेग बहादुर जी की वाणी।

**ਸਾਧੋ ਰਚਨਾ ਰਾਮ ਬਨਾਈ ॥**

**साधो रचना राम बनाई ॥**

ਹੇ ਸੰਤ ਜਨੋ! ਪਰਮਾਤਮਾ ਨੇ (ਜਗਤ ਦੀ ਇਹ ਅਸਚਰਜ) ਰਚਨਾ ਰਚ ਦਿੱਤੀ ਹੈ,

O holy persons! God has created this creation (of amazing universe),

हे संतों! भगवान ने (इस संसार की अद्भुत) रचना रची है,

**ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥**

**इकि बिनसै इक असथिरु मानै अचरजु लखिओ न जाई ॥१॥ रहाउ ॥**

(ਕਿ) ਇਕ ਮਨੁੱਖ (ਤਾਂ) ਮਰਦਾ ਹੈ (ਪਰ) ਦੂਜਾ ਮਨੁੱਖ (ਉਸ ਨੂੰ ਮਰਦਿਆਂ ਵੇਖ ਕੇ ਵੀ ਆਪਣੇ ਆਪ ਨੂੰ) ਸਦਾ ਟਿਕੇ ਰਹਿਣ ਵਾਲਾ ਸਮਝਦਾ ਹੈ। ਇਹ ਇਕ ਅਸਚਰਜ ਤਮਾਸ਼ਾ ਹੈ ਜੋ ਬਿਆਨ ਨਹੀਂ ਕੀਤਾ ਜਾ ਸਕਦਾ ॥੧॥ ਠਹਿਰਾਉ ॥

(that) one man dies (but) another man (even after seeing one die) thinks himself to be eternal. This is an astonishing spectacle which cannot be described. ||1|| Pause.||

(कि) एक मनुष्य मरता है (किन्तु) दूसरा मनुष्य (उसे मरता देखकर भी) अपने को अमर समझता है। यह एक अद्‌भुत दृश्य है, जिसका वर्णन नहीं किया जा सकता ॥१॥ विराम॥

**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥**

**काम क्रोध मोह बसि प्रानी हरि मूरति बिसराई ॥**

(ਹੇ ਸੰਤ ਜਨੋ!) ਮਨੁੱਖ ਕਾਮ ਦੇ ਕ੍ਰੋਧ ਦੇ ਮੋਹ ਦੇ ਕਾਬੂ ਵਿਚ ਆਇਆ ਰਹਿੰਦਾ ਹੈ ਤੇ ਪਰਮਾਤਮਾ ਦੀ ਹਸਤੀ ਨੂੰ ਭੁਲਾਈ ਰੱਖਦਾ ਹੈ।

(O holy persons!) Man remains under the influence of lust, anger and attachment and forgets the existence of God.

(हे संत जनो) मनुष्य काम, क्रोध तथा मोह के वश में रहता है तथा ईश्वर के अस्तित्व को भूल जाता है।

**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥**

**झूठा तनु साचा करि मानिओ जिउ सुपना रैनाई ॥१॥**

ਇਹ ਸਰੀਰ ਸਦਾ ਨਾਲ ਰਹਿਣ ਵਾਲਾ ਨਹੀਂ ਹੈ, ਪਰ ਮਨੁੱਖ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝਦਾ ਹੈ, ਜਿਵੇਂ ਰਾਤ ਵੇਲੇ (ਸੁੱਤਿਆਂ ਜੇਹੜਾ) ਸੁਪਨਾ (ਆਉਂਦਾ ਹੈ ਮਨੁੱਖ ਨੀਂਦਰ ਦੀ ਹਾਲਤ ਵਿਚ ਉਸ ਸੁਪਨੇ ਨੂੰ ਅਸਲੀ ਵਾਪਰ ਰਹੀ ਗੱਲ ਸਮਝਦਾ ਹੈ) ॥੧॥

This body is not going to remain with us forever, but man considers it to be everlasting, like the dream that comes at night (like a sleeping person who considers that dream to be real). ||1||

यह शरीर सदैव रहने वाला नहीं है, परन्तु मनुष्य इसे सदैव रहने वाला मानता है, जैसे रात्रि में (सोते समय) स्वप्न आता है, तथा निद्रा की अवस्था में मनुष्य उस स्वप्न को वास्तविक घटना मानता है ॥१॥

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥**

**जो दीसै सो सगल बिनासै जिउ बादर की छाई ॥**

(ਹੇ ਸੰਤ ਜਨੋ!) ਜਿਵੇਂ ਬੱਦਲ ਦੀ ਛਾਂ (ਸਦਾ ਇੱਕ ਥਾਂ ਟਿਕੀ ਨਹੀਂ ਰਹਿ ਸਕਦੀ, ਤਿਵੇਂ) ਜੋ ਕੁਝ (ਜਗਤ ਵਿਚ) ਦਿੱਸ ਰਿਹਾ ਹੈ ਇਹ ਸਭ ਕੁਝ (ਆਪਣੇ-ਆਪਣੇ ਸਮੇ) ਨਾਸ ਹੋ ਜਾਂਦਾ ਹੈ।

(O holy persons!) Just as the shade of a cloud (cannot remain at one place forever), similarly whatever is visible (in the world) all this gets destroyed (in its own time).

(हे संत जनो!) जैसे बादल की छाया (सदा एक स्थान पर नहीं रह सकती, उसी प्रकार) जो कुछ दिखाई देता है, वह (अपने समय पर) नष्ट हो जाता है।

**ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥**

**जन नानक जगु जानिओ मिथिआ रहिओ राम सरनाई ॥२॥२॥**

ਹੇ ਦਾਸ ਨਾਨਕ! (ਜਿਸ ਮਨੁੱਖ ਨੇ) ਜਗਤ ਨੂੰ ਨਾਸਵੰਦ ਸਮਝ ਲਿਆ ਹੈ, ਉਹ (ਸਦਾ-ਥਿਰ ਰਹਿਣ ਵਾਲੇ) ਪਰਮਾਤਮਾ ਦੀ ਸਰਨ ਪਿਆ ਰਹਿੰਦਾ ਹੈ ॥੨॥੨॥

O servant Nanak! (The person) who has considered the world to be perishable, remains in the refuge of the (eternal) God. ||2||2||

हे दास नानक! जिसने संसार को नाशवान माना है, वह (सदा रहने वाले) परमात्मा की शरण में रहता है ॥२॥२॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Gouṛee.

राग गउड़ी में श्री गुरु तेग बहादुर जी की वाणी।

**ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥**

**प्रानी कउ हरि जसु मनि नही आवै ॥**

(ਹੇ ਇਨਸਾਨ!) ਮਨੁੱਖ ਨੂੰ ਪਰਮਾਤਮਾ ਦੀ ਮਹਿਮਾ (ਆਪਣੇ) ਮਨ ਵਿਚ (ਵਸਾਉਣੀ) ਨਹੀਂ ਆਉਂਦੀ।

(O man!) Man does not know how to enshrine the glory of God in (his) mind.

(हे मनुष्य!) मनुष्य ईश्वर की महिमा को अपने मन में धारण करना नहीं जानता।

**ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥**

**अहिनिसि मगनु रहै माइआ मै कहु कैसे गुन गावै ॥१॥ रहाउ ॥**

ਦੱਸ, ਉਹ ਮਨੁੱਖ ਕਿਵੇਂ ਪਰਮਾਤਮਾ ਦੇ ਗੁਣ ਗਾ ਸਕਦਾ ਹੈ ਜੇਹੜਾ ਦਿਨ ਰਾਤ ਮਾਇਆ (ਦੇ ਮੋਹ) ਵਿਚ ਮਸਤ ਰਹਿੰਦਾ ਹੈ? ॥੧॥ ਠਹਿਰਾਉ ॥

Tell me how can a man sing the glories of God who is lost in the illusion of Maya (worldly entanglements) day and night? ||1|| Pause.||

बताओ, जो व्यक्ति दिन-रात (माया के मोह में) मदमस्त रहता है, वह भगवान का गुणगान कैसे कर सकता है? ॥१॥ विराम॥

**ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥**

**पूत मीत माइआ ममता सिउ इह बिधि आपु बंधावै ॥**

(ਹੇ ਇਨਸਾਨ! ਮਾਇਆ ਦੇ ਮੋਹ ਵਿਚ ਮਸਤ ਰਹਿਣ ਵਾਲਾ ਮਨੁੱਖ) ਪੁੱਤਰ ਮਿੱਤਰ ਮਾਇਆ (ਆਦਿ) ਦੀ ਅਪਣੱਤ ਨਾਲ ਬੱਝਾ ਰਹਿੰਦਾ ਹੈ, ਤੇ ਇਸ ਤਰ੍ਹਾਂ ਆਪਣੇ ਆਪ ਨੂੰ (ਮੋਹ ਦੇ ਬੰਧਨਾਂ ਵਿਚ) ਬੰਨ੍ਹੀ ਰੱਖਦਾ ਹੈ।

(O man! who is engrossed in the illusion of Maya) that person remains bound by the attachment to son, friend, Maya etc., and in this way keeps himself bound (in the bonds of attachment).

(हे मनुष्य! माया के मोह से मदमस्त हुआ मनुष्य) पुत्र, मित्र, माया (आदि) के मोह से बंधा रहता है तथा इस प्रकार अपने को (मोह के बंधनों में) बाँधे रखता है।

**ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥**

**म्रिग त्रिसना जिउ झूठो इहु जग देखि तासि उठि धावै ॥१॥**

(ਮਾਇਆ-ਗ੍ਰਸਿਆ ਮਨੁੱਖ ਇਹ ਨਹੀਂ ਸਮਝਦਾ ਕਿ) ਇਹ ਜਗਤ (ਤਾਂ) ਠਗ-ਨੀਰੇ ਵਾਂਗ (ਠੱਗੀ ਹੀ ਠੱਗੀ ਹੈ, ਜਿਵੇਂ ਹਿਰਨ ਠਗ-ਨੀਰੇ ਨੂੰ ਵੇਖ ਕੇ ਉਸ ਵਲ ਦੌੜਦਾ ਤੇ ਭਟਕ-ਭਟਕ ਕੇ ਮਰਦਾ ਹੈ, ਤਿਵੇਂ ਮਨੁੱਖ ਇਸ ਜਗਤ ਨੂੰ) ਵੇਖ ਕੇ ਇਸ ਵਲ (ਸਦਾ) ਦੌੜਦਾ ਰਹਿੰਦਾ ਹੈ (ਤੇ ਆਤਮਕ ਮੌਤ ਸਹੇੜਦਾ ਹੈ) ॥੧॥

(The human being engrossed in illusion does not understand that) this world is like a mirage (like the deer who runs towards mirage and dies after wandering here and there, similarly man (always) keeps running towards this issusory world (and suffers spiritual death). ||1||

(माया से ग्रस्त मनुष्य यह नहीं समझता कि) यह संसार एक मृग-तृष्णा के समान है (जैसे हिरण मृग-तृष्णा को देखकर उसकी ओर दौड़ता है तथा भटकते-भटकते मर जाता है, वैसे ही मनुष्य भी इस संसार को देखकर उसकी ओर दौड़ता रहता है (तथा आध्यात्मिक मृत्यु को प्राप्त होता है) ॥१॥

**ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥**

**भुगति मुकति का कारनु सुआमी मूड़ ताहि बिसरावै ॥**

ਮੂਰਖ ਮਨੁੱਖ ਉਸ ਮਾਲਕ-ਪ੍ਰਭੂ ਨੂੰ ਭੁਲਾਈ ਰੱਖਦਾ ਹੈ ਜੇਹੜਾ ਦੁਨੀਆ ਦੇ ਭੋਗਾਂ ਤੇ ਸੁਖਾਂ ਦਾ ਵੀ ਮਾਲਕ ਹੈ ਤੇ ਜੇਹੜਾ ਮੋਖ ਵੀ ਦੇਣ ਵਾਲਾ ਹੈ।

A foolish man forgets the Lord who is the master of all the pleasures and comforts of the world and who also gives salvation (from vices).

मूर्ख व्यक्ति उस प्रभु को भूल जाता है, जो संसार के सुखों तथा आनंदों का स्वामी है तथा मोक्ष का दाता भी है।

**ਜਨ ਨਾਨਕ ਕੋਟਨ ਮੈ ਕੋਊ ਭਜਨ ਰਾਮ ਕੋ ਪਾਵੈ ॥੨॥੩॥**

**जन नानक कोटन मै कोऊ भजनु राम को पावै ॥२॥३॥**

ਹੇ ਦਾਸ ਨਾਨਕ! (ਆਖ ਕਿ) ਕ੍ਰੋੜਾਂ ਵਿਚੋਂ ਕੋਈ ਵਿਰਲਾ ਮਨੁੱਖ ਹੁੰਦਾ ਹੈ ਜੇਹੜਾ (ਜਗਤ ਠਗ-ਨੀਰੇ ਦੇ ਮੋਹ ਤੋਂ ਬਚ ਕੇ) ਪਰਮਾਤਮਾ ਦੀ ਭਗਤੀ ਪ੍ਰਾਪਤ ਕਰਦਾ ਹੈ ॥੨॥੩॥

O servant Nanak! (say that) out of millions there is a rare person who (avoiding the allurements of this world) attains devotion to God with meditation.

हे दास नानक! कहो कि करोड़ों में कोई एक अनोखा ही ऐसा पुरुष होता है, जो (सांसारिक मोह से बचकर) भगवान की भक्ति को प्राप्त करता है ॥२॥३॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Gouṛee.

राग गउड़ी में श्री गुरु तेग बहादुर जी की वाणी।

**ਸਾਧੋ ਇਹੁ ਮਨੁ ਗਹਿਓ ਨ ਜਾਈ ॥**

**साधो इहु मनु गहिओ न जाई ॥**

ਹੇ ਸੰਤ ਜਨੋ! ਇਹ ਮਨ ਵੱਸ ਵਿਚ ਕੀਤਾ ਨਹੀਂ ਜਾ ਸਕਦਾ,

O holy persons! This mind cannot be controlled (restrained),

हे संतों! यह मन वश में नहीं किया जा सकता,

**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥**

**चंचल त्रिसना संगि बसतु है या ते थिरु न रहाई ॥१॥ रहाउ ॥**

(ਕਿਉਂਕਿ ਇਹ ਮਨ ਸਦਾ) ਅਨੇਕਾਂ ਹਾਵ-ਭਾਵ ਕਰਨ ਵਾਲੀ ਤ੍ਰਿਸ਼ਨਾ ਨਾਲ ਵੱਸਦਾ ਰਹਿੰਦਾ ਹੈ, ਇਸ ਵਾਸਤੇ ਇਹ ਕਦੇ ਟਿਕ ਕੇ ਨਹੀਂ ਰਹਿੰਦਾ ॥੧॥ ਠਹਿਰਾਉ ॥

(Because this mind always) resides with many loving desires, therefore it never remains stable. ||1|| Pause.||

(क्योंकि यह मन सदैव) अनेक प्रकार की क्रियाएं करने की वासना से ग्रस्त रहता है, इसलिए यह कभी दृढ़निश्चयी नहीं रहता ॥१॥ विराम॥

**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥**

**कठन करोध घट ही के भीतरि जिह सुधि सभ बिसराई ॥**

(ਹੇ ਸੰਤ ਜਨੋ!) ਵੱਸ ਵਿਚ ਨਾ ਆ ਸਕਣ ਵਾਲਾ ਕ੍ਰੋਧ ਵੀ ਇਸ ਹਿਰਦੇ ਵਿਚ ਹੀ ਵੱਸਦਾ ਹੈ, ਜਿਸ ਨੇ (ਮਨੁੱਖ ਨੂੰ ਭਲੇ ਪਾਸੇ ਦੀ) ਸਾਰੀ ਹੋਸ਼ ਭੁਲਾ ਦਿੱਤੀ ਹੈ।

(O holy persons!) The uncontrollable anger also resides in this heart, which has made man forget all good senses.
(हे संत जनो!) इस के हृदय में अनियंत्रित क्रोध भी निवास करता है, जिसने (मनुष्य को सारी) विवेक बुद्धि को भुला दिया है।

**ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥**

**रतनु गिआनु सभ को हिरि लीना ता सिउ कछु न बसाई ॥१॥**

(ਕ੍ਰੋਧ ਨੇ) ਹਰੇਕ ਮਨੁੱਖ ਦਾ ਸ੍ਰੇਸ਼ਟ ਗਿਆਨ ਚੁਰਾ ਲਿਆ ਹੈ, ਉਸ ਨਾਲ ਕਿਸੇ ਦੀ ਕੋਈ ਪੇਸ਼ ਨਹੀਂ ਜਾਂਦੀ ॥੧॥
(Anger) has stolen the best knowledge of every human being; due to it no one is able to make any effort. ||1||
(क्रोध) ने हर मनुष्य का सर्वोत्तम ज्ञान चुरा लिया है, कोई भी इससे निपट नहीं सकता ॥१॥

**ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥**

**जोगी जतन करत सभि हारे गुनी रहे गुन गाई ॥**

ਸਾਰੇ ਜੋਗੀ (ਇਸ ਮਨ ਨੂੰ ਕਾਬੂ ਕਰਨ ਦੇ) ਜਤਨ ਕਰਦੇ-ਕਰਦੇ ਥੱਕ ਗਏ, ਵਿਦਵਾਨ ਮਨੁੱਖ ਆਪਣੀ ਵਿੱਦਿਆ ਦੀਆਂ ਵਡਿਆਈਆਂ ਕਰਦੇ ਥੱਕ ਗਏ (ਨਾ ਜੋਗ-ਸਾਧਨ, ਨਾ ਵਿੱਦਿਆ-ਮਨ ਨੂੰ ਕੋਈ ਵੀ ਵੱਸ ਵਿਚ ਲਿਆਉਣ ਦੇ ਸਮਰੱਥ ਨਹੀਂ)।
All the Yogis are tired of trying (to control this mind), the learned people are tired of praising their knowledge (neither Yoga nor knowledge is capable of controlling the mind).
(इस मन को वश में करने का) योगी प्रयत्न करते-करते थक गए हैं, विद्वान पुरुष अपनी विद्या का बखान करते-करते थक गए हैं (न तो योग के साधन तथा न ही ज्ञान मन को वश में करने में समर्थ हैं)।

**ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥**

**जन नानक हरि भए दइआला तउ सभ बिधि बनि आई ॥२॥४॥**

ਹੇ ਦਾਸ ਨਾਨਕ! ਜਦੋਂ ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਤਾਂ (ਇਸ ਮਨ ਨੂੰ ਕਾਬੂ ਵਿਚ ਰੱਖਣ ਦੇ) ਸਾਰੇ ਵਸੀਲੇ ਬਣ ਜਾਂਦੇ ਹਨ ॥੨॥੪॥
O Servant Nanak! When the Lord is merciful, then all the efforts (to control the mind) become fruitful. ||2||4||
हे दास नानक! जब प्रभु दयालु होते हैं, तो (इस मन को वश में करने के) सभी साधन उपलब्ध हो जाते हैं ॥२॥४॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Gouṛee.
राग गउड़ी में श्री गुरु तेग बहादुर जी की वाणी।

**ਸਾਧੋ ਗੋਬਿੰਦ ਕੇ ਗੁਨ ਗਾਵਉ ॥**

**साधो गोबिंद के गुन गावउ ॥**

ਹੇ ਸੰਤ ਜਨੋ! (ਸਦਾ) ਗੋਬਿੰਦ ਦੇ ਗੁਣ ਗਾਂਦੇ ਰਿਹਾ ਕਰੋ।
O holy persons! (always) keep singing the praises of Govind (God the Lord of the Universe).
हे संतों! (सदैव) गोबिंद (प्रभु) का गुणगान करो!

**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥**

**मानस जनमु अमोलकु पाइओ बिरथा काहि गवावउ ॥१॥ रहाउ ॥**

ਇਹ ਬੜਾ ਕੀਮਤੀ ਮਨੁਖਾ ਜਨਮ ਮਿਲਿਆ ਹੈ, ਇਸ ਨੂੰ ਅਜਾਈਂ ਕਿਉਂ ਗਵਾਂਦੇ ਹੋ? ॥੧॥ ਠਹਿਰਾਉ ॥
You have got a very precious human life, why are you wasting it? ||1|| Pause.||
यह अत्यन्त मूल्यवान मानव जन्म तुम्हें मिला है, इसे व्यर्थ क्यों गँवा रहे हो? ॥१॥ विराम॥

**ਪਤਿਤ ਪੁਨੀਤ ਦੀਨ ਬੰਧ ਹਰਿ. ਸਰਨਿ ਤਾਹਿ ਤੁਮ ਆਵਉ ॥**
**पतित पुनीत दीन बंध हरि सरनि ताहि तुम आवउ ॥**
(ਹੇ ਸੰਤ ਜਨੋ!) ਪਰਮਾਤਮਾ ਉਹਨਾਂ ਬੰਦਿਆਂ ਨੂੰ ਵੀ ਪਵਿਤਰ ਕਰਨ ਵਾਲਾ ਹੈ ਜੇਹੜੇ ਵਿਕਾਰਾਂ ਵਿਚ ਡਿੱਗੇ ਹੋਏ ਹੁੰਦੇ ਹਨ, ਉਹ ਹਰੀ ਗਰੀਬਾਂ ਦਾ ਸਹਾਈ ਹੈ। ਤੁਸੀਂ ਵੀ ਉਸੇ ਦੀ ਸਰਨ ਪਵੋ।
(O holy persons!) God purifies even those people who are immersed in vices, He is the helper of the poor. You too should take refuge in Him.
(हे संत जनो!) भगवान तो पापियों को भी पवित्र करने वाले हैं, वे दीन-दुखियों के सहायक हैं। तुम भी उनकी शरण जाओ।

**ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥**
**गज को त्रासु मिटिओ जिह सिमरत तुम काहे बिसरावउ ॥१॥**
ਜਿਸ ਦਾ ਸਿਮਰਨ ਕਰ ਕੇ (ਗਜ) ਹਾਥੀ ਦਾ ਡਰ ਮਿਟ ਗਿਆ ਸੀ, ਤੁਸੀ ਉਸ ਨੂੰ ਕਿਉਂ ਭੁਲਾ ਰਹੇ ਹੋ? ॥੧॥
Why are you forgetting the One on remembering whom the (Gaj) elephant's fear vanished? ||1||
जिनके ध्यान से (गज) हाथी का भय दूर हो गया, उनको तुम क्यों भूल रहे हो? ॥१॥

**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥**
**तजि अभिमान मोह माइआ फुनि भजन राम चितु लावउ ॥**
(ਹੇ ਸੰਤ ਜਨੋ!) ਅਹੰਕਾਰ ਦੂਰ ਕਰ ਕੇ ਅਤੇ ਮਾਇਆ ਦਾ ਮੋਹ ਦੂਰ ਕਰ ਕੇ ਆਪਣਾ ਚਿੱਤ ਪਰਮਾਤਮਾ ਦੇ ਭਜਨ ਵਿਚ ਜੋੜੀ ਰੱਖੋ।
(O holy persons!) Remove ego and get rid of the attachment to Maya and keep your mind focused on the worship of God (recitation of the Name of God)!
(हे संत जनो!) अहंकार तथा माया की आसक्ति को दूर करके अपने मन को भगवान के भजन में लगाओ!

**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥**
**नानक कहत मुकति पंथ इहु गुरमुखि होइ तुम पावउ ॥२॥५॥**
ਨਾਨਕ ਆਖਦਾ ਹੈ ਕਿ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਦਾ ਇਹੀ ਰਸਤਾ ਹੈ, ਪਰ ਗੁਰੂ ਦੀ ਸਰਨ ਪੈ ਕੇ ਹੀ ਤੁਸੀਂ ਇਹ ਰਸਤਾ ਲੱਭ ਸਕੋਗੇ ॥੨॥੫॥
Nanak says: This is the only way to get rid of the vices, but you will be able to find this path only by following the advice of the Guru. ||2||5||
नानक कहते हैं कि यह विकारों से मुक्ति का मार्ग है, लेकिन यह मार्ग तुम गुरु की शरण में जाकर ही पा सकोगे ॥२॥५॥

**ਗਉੜੀ ਮਹਲਾ ੯ ॥**
**गउड़ी महला ९ ॥**
ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Gouṛee.
राग गउड़ी में श्री गुरु तेग बहादुर जी की वाणी।

**ਕੋਊ ਮਾਈ ਭੂਲਿਓ ਮਨੁ ਸਮਝਾਵੈ ॥**

**कोऊ माई भूलिओ मनु समझावै ॥**

ਹੇ (ਮੇਰੀ) ਮਾਂ! (ਮਾਇਆ ਦੇ ਮੋਹ ਨਾਲ ਭਰੇ ਹੋਏ ਸੰਸਾਰ-ਜੰਗਲ ਵਿਚ ਮੇਰਾ ਮਨ ਕੁਰਾਹੇ ਪੈ ਗਿਆ ਹੈ, ਮੈਨੂੰ) ਕੋਈ (ਐਸਾ ਗੁਰਮੁਖ ਮਿਲ ਪਵੇ ਜੇਹੜਾ ਮੇਰੇ ਇਸ) ਕੁਰਾਹੇ ਪਏ ਹੋਏ ਮਨ ਨੂੰ ਬੁੱਧੀ ਦੇਵੇ।

O (my) Mother! My mind lost (in the illusion of Maya), please find a (Guru) who can make my mind understand.

हे माता! मेरा मन माया के मोह से भरे हुए इस दुनियावी जंगल में भटक गया है। मुझे कोई ऐसा गुरुमुख मिले जो मेरे इस भटके हुए मन को सद्बुद्धि दे सके।

Page 220

**ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ ॥**

**बेद पुरान साध मग सुनि करि निमख न हरि गुन गावै ॥१॥ रहाउ ॥**

(ਇਹ ਭੁੱਲਿਆ ਮਨ) ਵੇਦ, ਪੁਰਾਣ (ਆਦਿ ਧਰਮ-ਪੁਸਤਕਾਂ) ਅਤੇ ਸੰਤ ਜਨੋ ਦੇ ਉਪਦੇਸ਼ ਸੁਣ ਕੇ ਰਤਾ ਭਰ ਸਮੇ ਲਈ ਵੀ ਪਰਮਾਤਮਾ ਦੇ ਗੁਣ ਨਹੀਂ ਗਾਂਦਾ ॥੧॥ ਠਹਿਰਾਉ ॥

(This forgetful mind) after listening to the Vedas, Puranas (other religious scriptures and) the teachings of the saints, does not sing the praises of God even for a moment. ||1|| Pause.||

(यह भूला हुआ मन) वेद, पुराण तथा संतों के उपदेश सुनकर एक दिन भी भगवान का गुणगान नहीं करता ॥१॥ विराम॥

**ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥**

**दुरलभ देह पाइ मानस की बिरथा जनमु सिरावै ॥**

(ਹੇ ਮੇਰੀ ਮਾਂ! ਇਹ ਮਨ ਅਜਿਹਾ ਕੁਰਾਹੇ ਪਿਆ ਹੋਇਆ ਹੈ ਕਿ) ਬੜੀ ਮੁਸ਼ਕਲ ਨਾਲ ਮਿਲ ਸਕਣ ਵਾਲਾ ਮਨੁਖਾ ਸਰੀਰ ਪ੍ਰਾਪਤ ਕਰ ਕੇ (ਵੀ) ਇਸ ਜਨਮ ਨੂੰ ਵਿਅਰਥ ਗੁਜ਼ਾਰ ਰਿਹਾ ਹੈ।

(O my Mother! This mind is in such difficulty that) even after getting the human body which is available with great difficulty, it is wasting this life.

(हे मेरी माता! यह मन इतना भ्रमित है कि) यह मनुष्य शरीर, जो कि अत्यंत कठिनता से प्राप्त होता है, प्राप्त करके भी इस जन्म को व्यर्थ ही व्यतीत कर रहा है।

**ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥**

**माइआ मोह महा संकट बन ता सिउ रुच उपजावै ॥१॥**

(ਹੇ ਮਾਂ! ਇਹ ਸੰਸਾਰ) ਜੰਗਲ ਮਾਇਆ ਦੇ ਮੋਹ ਨਾਲ ਪੂਰਾ ਭਰਿਆ ਪਿਆ ਹੈ (ਤੇ ਮੇਰਾ ਮਨ) ਇਸ (ਜੰਗਲ ਨਾਲ ਹੀ) ਪ੍ਰੇਮ ਬਣਾ ਰਿਹਾ ਹੈ ॥੧॥

(O Mother!) This world-jungle is filled to the brim with the attachment of Maya (and my mind) is in love with this (jungle). ||1||

(हे माता! यह संसार) माया-रूपी वन की आसक्ति से भरा हुआ है (तथा मेरा मन) इस (वन) से प्रीति कर रहा है ॥१॥

**ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥**

**अंतरि बाहरि सदा संगि प्रभु ता सिउ नेहु न लावै ॥**

(ਹੇ ਮੇਰੀ ਮਾਂ! ਜੇਹੜਾ) ਪਰਮਾਤਮਾ (ਹਰੇਕ ਜੀਵ ਦੇ) ਅੰਦਰ ਤੇ ਬਾਹਰ ਹਰ ਵੇਲੇ ਵੱਸਦਾ ਹੈ ਉਸ ਨਾਲ (ਇਹ ਮੇਰਾ ਮਨ) ਪਿਆਰ ਨਹੀਂ ਪਾਂਦਾ।

(My mind) is unable to love God who resides inside and outside (of every living being) at all times.
(हे मेरी माता!) जो भगवान हर समय (प्रत्येक प्राणी के) अन्दर तथा बाहर निवास करते हैं, उनसे (मेरा यह मन) प्रेम नहीं करता।

**ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥੨॥੬॥**
**नानक मुकति ताहि तुम मानहु जिह घटि रामु समावै ॥२॥६॥**
ਹੇ ਨਾਨਕ! (ਆਖ ਕਿ ਮਾਇਆ ਦੇ ਮੋਹ ਨਾਲ ਭਰਪੂਰ ਸੰਸਾਰ-ਜੰਗਲ ਵਿਚੋਂ) ਖ਼ਲਾਸੀ ਤੁਸੀਂ ਉਸੇ ਮਨੁੱਖ ਨੂੰ (ਮਿਲੀ) ਸਮਝੋ ਜਿਸ ਦੇ ਹਿਰਦੇ ਵਿਚ ਪਰਮਾਤਮਾ ਵੱਸ ਰਿਹਾ ਹੈ ॥੨॥੬॥
O Nanak! (From the world-jungle full of illusions) you should consider that only that person to be liberated (spiritually enlightened) in whose heart God resides. ||2||6||
हे नानक! (माया आसक्ति से भरे हुए दुनियावी जंगल से) उस व्यक्ति को उद्धारकर्ता समझो जिसके हृदय में भगवान निवास करते हैं ॥२॥६॥

**ਗਉੜੀ ਮਹਲਾ ੯ ॥**
**गउड़ी महला ९ ॥**
ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Gouṛee.
राग गउड़ी में श्री गुरु तेग बहादुर जी की वाणी।

**ਸਾਧੋ ਰਾਮ ਸਰਨਿ ਬਿਸਰਾਮਾ ॥**
**साधो राम सरनि बिसरामा ॥**
ਹੇ ਸੰਤ ਜਨੋ! ਪਰਮਾਤਮਾ ਦੀ ਸਰਨ ਪੈਣ ਨਾਲ ਹੀ (ਵਿਕਾਰਾਂ ਵਿਚ ਭਟਕਣ ਵੱਲੋਂ) ਸ਼ਾਂਤੀ ਪ੍ਰਾਪਤ ਹੁੰਦੀ ਹੈ।
O holy persons! Only by taking refuge in God can one achieve peace (from wandering in vices).
हे संतों! भगवान की शरण में जाने से ही शांति मिलती है (विकारों में भटकने से)।

**ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥**
**बेद पुरान पड़े को इह गुन सिमरे हरि को नामा ॥१॥ रहाउ ॥**
ਵੇਦ ਪੁਰਾਣ (ਆਦਿ ਧਰਮ-ਪੁਸਤਕਾਂ) ਪੜ੍ਹਨ ਦਾ ਇਹੀ ਲਾਭ (ਹੋਣਾ ਚਾਹੀਦਾ) ਹੈ ਕਿ ਮਨੁੱਖ ਪਰਮਾਤਮਾ ਦਾ ਨਾਮ ਸਿਮਰਦਾ ਰਹੇ ॥੧॥ ਠਹਿਰਾਉ ॥
The benefit of reading the Vedas and Puranas (other religious books) should be that the man should keep remembering the Name of the Supreme Being. ||1|| Pause.||
वेद-पुराण (प्राचीन धार्मिक पुस्तकें) पढ़ने का एकमात्र लाभ यह है (लाभ होना चाहिए) कि व्यक्ति को भगवान के नाम का ध्यान करते रहना चाहिए ॥१॥ विराम॥

**ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥**
**लोभ मोह माइआ ममता फुनि अउ बिखिअन की सेवा ॥**
(ਹੇ ਸੰਤ ਜਨੋ!) ਲੋਭ, ਮਾਇਆ ਦਾ ਮੋਹ, ਅਪਣੱਤ ਅਤੇ ਵਿਸ਼ਿਆਂ ਦਾ ਸੇਵਨ,
(O holy persons!) Greed, attraction to Maya, attachment and consumption of sensual pleasures,
(हे संत जनो!) लोभ, माया से आसक्ति, स्वार्थ तथा इच्छाओं का उपभोग,

## ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥

**हरख सोग परसै जिह नाहनि सो मूरति है देवा ॥१॥**

ਖ਼ੁਸ਼ੀ, ਗ਼ਮੀ-(ਇਹਨਾਂ ਵਿਚੋਂ ਕੋਈ ਵੀ) ਜਿਸ ਮਨੁੱਖ ਨੂੰ ਛੁਹ ਨਹੀਂ ਸਕਦਾ (ਜਿਸ ਮਨੁੱਖ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ) ਉਹ ਮਨੁੱਖ ਪਰਮਾਤਮਾ ਦਾ ਰੂਪ ਹੈ ॥੧॥

who cannot be touched by all these and either happiness or sorrow (not affected by these) is the embodiment of God. ||1||

सुख न दुःख (इनमें से कोई भी नहीं) जिस पुरुष को नहीं छू सकता है, (जिस पर अपना प्रभाव नहीं डाल सकता) वह मनुष्य भगवान का रूप है ॥१॥

## ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥

**सुरग नरक अम्रित बिखु ए सभ तिउ कंचन अरु पैसा ॥**

(ਹੇ ਸੰਤ ਜਨੋ! ਉਹ ਮਨੁੱਖ ਪਰਮਾਤਮਾ ਦਾ ਰੂਪ ਹੈ ਜਿਸ ਨੂੰ) ਸੁਰਗ ਅਤੇ ਨਰਕ ਅੰਮ੍ਰਿਤ ਅਤੇ ਜ਼ਹਿਰ ਇਕੋ ਜਿਹੇ ਜਾਪਦੇ ਹਨ, ਜਿਸ ਨੂੰ ਸੋਨਾ ਅਤੇ ਤਾਂਬਾ ਇਕ ਸਮਾਨ ਪ੍ਰਤੀਤ ਹੁੰਦਾ ਹੈ,

(O holy persons! That man is the manifestation of God) To whom heaven and hell as well as nectar and poison seem alike, and to whom gold and copper seem the same,

(हे संत जनो! वह मनुष्य भगवान का रूप है जिसे) स्वर्ग तथा नरक, अमृत तथा विष एक समान लगते हैं, जिसे सोना तथा तांबा एक समान लगते हैं,

## ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥

**उसतति निंदा ए सम जा कै लोभु मोहु फुनि तैसा ॥२॥**

ਜਿਸ ਦੇ ਹਿਰਦੇ ਵਿਚ ਉਸਤਤ ਤੇ ਨਿੰਦਾ ਵੀ ਇਕੋ ਜਿਹੇ ਹਨ (ਕੋਈ ਉਸ ਦੀ ਵਡਿਆਈ ਕਰੇ, ਕੋਈ ਉਸ ਦੀ ਨਿੰਦਾ ਕਰੇ-ਉਸ ਨੂੰ ਇਕ ਸਮਾਨ ਹਨ), ਜਿਸ ਦੇ ਹਿਰਦੇ ਵਿਚ ਲੋਭ ਵੀ ਪ੍ਰਭਾਵ ਨਹੀਂ ਪਾ ਸਕਦਾ, ਮੋਹ ਵੀ ਪ੍ਰਭਾਵ ਨਹੀਂ ਪਾ ਸਕਦਾ ॥੨॥

and in whose heart praise and criticism are the same (he is not affected by either), and who has no greed or attachment. ||2||

जिसके हृदय में उसकी स्तुति तथा निंदा समान हैं (चाहे कोई उसकी स्तुति करें, कोई उस पर निंदा करें - उसके लिए वे दोनों समान हैं), जिसके हृदय में लोभ भी उसे प्रभावित नहीं कर सकता, आसक्ति भी उसे प्रभावित नहीं कर सकती ॥२॥

## ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥

**दुखु सुखु ए बाधे जिह नाहनि तिह तुम जानउ गिआनी ॥**

(ਹੇ ਸੰਤ ਜਨੋ!) ਤੁਸੀਂ ਉਸ ਮਨੁੱਖ ਨੂੰ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਰੱਖਣ ਵਾਲਾ ਸਮਝੋ, ਜਿਸ ਨੂੰ ਨਾ ਕੋਈ ਦੁੱਖ ਤੇ ਨਾ ਕੋਈ ਸੁਖ (ਆਪਣੇ ਪ੍ਰਭਾਵ ਵਿਚ) ਬੰਨ੍ਹ ਨਹੀਂ ਸਕਦਾ।

(O holy persons!) You should consider that person to have deep acquaintance with God (spiritually wise), whom neither sorrow nor happiness can bind (under its influence).

(हे संत जनो!) उस व्यक्ति को भगवान से गहन रूप से जुड़ा हुआ समझो, जिसे न तो दुःख बांध सकता है तथा न ही सुख (अपने प्रभाव में)।

## ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥

**नानक मुकति ताहि तुम मानउ इह बिधि को जो प्रानी ॥३॥७॥**

ਹੇ ਨਾਨਕ! (ਆਖ ਕਿ ਹੇ ਸੰਤ ਜਨੋ! ਲੋਭ, ਮੋਹ, ਦੁਖ ਸੁਖ ਆਦਿ ਤੋਂ) ਖ਼ਲਾਸੀ ਉਸ ਮਨੁੱਖ ਨੂੰ (ਮਿਲੀ) ਮੰਨੋ, ਜੇਹੜਾ ਮਨੁੱਖ ਇਸ ਕਿਸਮ ਦੀ ਜੀਵਨ-ਜੁਗਤਿ ਵਾਲਾ ਹੈ ॥੩॥੭॥

O Nanak! Consider such a person spiritually enlightened who lives such a life (free from greed, attachment, sorrow and happiness). ||3||7||

हे नानक! (कहो, हे संत जनो! लोभ, मोह, दुःख, सुख आदि से) उस मनुष्य को मोक्ष प्राप्त हुआ समझो, जो इस प्रकार का जीवन वाला है ॥३॥७॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Gouṛee.

राग गउड़ी में श्री गुरु तेग बहादुर जी की वाणी।

**ਮਨ ਰੇ ਕਹਾ ਭਇਓ ਤੈ$_2$ ਬਉਰਾ ॥**

**मन रे कहा भइओ तै बउरा ॥**

ਹੇ (ਮੇਰੇ) ਮਨ! ਤੂੰ ਕਿੱਥੇ (ਲੋਭ ਆਦਿ ਵਿਚ ਫਸ ਕੇ) ਪਾਗਲ ਹੋ ਰਿਹਾ ਹੈਂ?

O (my) mind! Why are you going mad (by getting entangled in greed etc.)?

हे मेरे मन! तू कहाँ पागल हो रहा है (लोभ आदि में फँसकर)?

**ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥**

**अहिनिसि अउध घटै नही जानै भइओ लोभ संगि हउरा ॥१॥ रहाउ ॥**

(ਹੇ ਇਨਸਾਨ!) ਦਿਨ ਰਾਤ ਉਮਰ ਘਟਦੀ ਰਹਿੰਦੀ ਹੈ, ਪਰ ਮਨੁੱਖ ਇਹ ਗੱਲ ਸਮਝਦਾ ਨਹੀਂ ਤੇ ਲੋਭ ਵਿਚ ਫਸ ਕੇ ਕਮਜ਼ੋਰ ਆਤਮਕ ਜੀਵਨ ਵਾਲਾ ਬਣਦਾ ਜਾਂਦਾ ਹੈ ॥੧॥ ਠਹਿਰਾਉ ॥

(O man!) Day and night the age keeps on decreasing, but man does not understand this and gets trapped in greed and keeps on having a weak spiritual life. ||1|| Pause.||

(अरे भाई!) जीवन दिन-रात घटता रहता है, परंतु मनुष्य यह बात नहीं समझता तथा लोभ में फंसकर आध्यात्मिक जीवन में कमजोर हो जाता है ॥१॥ विराम॥

**ਜੋ ਤਨ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥**

**जो तनु तै अपनो करि मानिओ अरु सुंदर ग्रिह नारी ॥**

ਹੇ (ਮੇਰੇ) ਮਨ! ਜੇਹੜਾ (ਇਹ) ਸਰੀਰ ਤੂੰ ਆਪਣਾ ਕਰ ਕੇ ਸਮਝ ਰਿਹਾ ਹੈਂ ਅਤੇ ਘਰ ਦੀ ਸੁੰਦਰ ਇਸਤ੍ਰੀ ਨੂੰ ਆਪਣੀ ਮੰਨ ਰਿਹਾ ਹੈਂ,

O (my) mind! You are considering this body as your own and considering the beautiful wife of the house as your own,

हे मेरे मन! तू जिस शरीर को अपना मान रहा है, तथा जिस घर की सुन्दरी स्त्री को अपना मान रहा है,

**ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥**

**इन मैं कछु तेरो रे नाहनि देखो सोच बिचारी ॥१॥**

ਇਹਨਾਂ ਵਿਚੋਂ ਕੋਈ ਵੀ ਤੇਰਾ (ਸਦਾ ਨਿਭਣ ਵਾਲਾ ਸਾਥੀ) ਨਹੀਂ ਹੈ, ਸੋਚ ਕੇ ਵੇਖ ਲੈ, ਵਿਚਾਰ ਕੇ ਵੇਖ ਲੈ ॥੧॥

However, none of these is your eternal companion; think about it and contemplate. ||1||

इनमें से कोई भी तुम्हारा (सदा का साथी) नहीं है, सोचो तथा देखो, विचार करके देखो ॥१॥

**ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥**

**रतन जनमु अपनो तै हारिओ गोबिंद गति नही जानी ॥**

(ਹੇ ਮੇਰੇ ਮਨ!) ਜਿਵੇਂ ਜੁਆਰੀਆ ਜੂਏ ਵਿਚ ਬਾਜ਼ੀ ਹਾਰਦਾ ਹੈ, ਤਿਵੇਂ) ਤੂੰ ਆਪਣਾ ਕੀਮਤੀ ਮਨੁਖਾ ਜਨਮ ਹਾਰ ਰਿਹਾ ਹੈਂ, ਕਿਉਂਕਿ ਤੂੰ ਪਰਮਾਤਮਾ ਨਾਲ ਮਿਲਾਪ ਦੀ ਅਵਸਥਾ ਦੀ ਕਦਰ ਨਹੀਂ ਪਾਈ।

O (my) mind! Just like a gambler loses his game in gambling, similarly you are losing your precious human life because you are unable to appreciate the state of union with God.

(हे मेरे मन!) जैसे जुआरी जुआ में अपनी बाजी हार जाता है, वैसे ही तू भी अपना अनमोल मानव जन्म खो रहा है, क्योंकि तूने ईश्वर से मिलने की स्थिति का मूल्यांकन नहीं किया है।

**ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ ॥੨॥**

**निमख न लीन भइओ चरनन सिंउ बिरथा अउध सिरानी ॥२॥**

ਤੂੰ ਰਤਾ ਭਰ ਸਮੇ ਲਈ ਵੀ ਗੋਬਿੰਦ-ਪ੍ਰਭੂ ਦੇ ਚਰਨਾਂ ਵਿਚ ਨਹੀਂ ਜੁੜਦਾ, ਤੂੰ ਵਿਅਰਥ ਉਮਰ ਗੁਜ਼ਾਰ ਰਿਹਾ ਹੈਂ ॥੨॥

You do not devote to the feet of Lord (to God) even for a moment; you are wasting your life. ||2||

तू एक क्षण के लिए भी भगवान के चरणों से नहीं जुड़ता, तू अपना जीवन व्यर्थ ही गंवा रहा है ॥२॥

**ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥**

**कहु नानक सोई नरु सुखीआ राम नाम गुन गावै ॥**

ਨਾਨਕ ਆਖਦਾ ਹੈ ਕਿ ਉਹੀ ਮਨੁੱਖ ਸੁਖੀ ਜੀਵਨ ਵਾਲਾ ਹੈ ਜੋ ਪਰਮਾਤਮਾ ਦਾ ਨਾਮ (ਜਪਦਾ ਹੈ, ਜੋ) ਪਰਮਾਤਮਾ ਦੇ ਗੁਣ ਗਾਂਦਾ ਹੈ।

Nanak says that only that person has a happy life who chants the Name of God and sings the praises of God.

नानक कहते हैं कि वह व्यक्ति सुखी जीवन जीता है जो भगवान का नाम जपता है, जो भगवान की स्तुति गाता है।

**ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥**

**अउर सगल जगु माइआ मोहिआ निरभै पदु नही पावै ॥३॥८॥**

ਬਾਕੀ ਦਾ ਸਾਰਾ ਜਹਾਨ (ਜੇਹੜਾ) ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ (ਉਹ ਸਹਿਮਿਆ ਰਹਿੰਦਾ ਹੈ, ਉਹ) ਉਸ ਆਤਮਕ ਅਵਸਥਾ ਉਤੇ ਨਹੀਂ ਪਹੁੰਚਦਾ, ਜਿੱਥੇ ਕੋਈ ਡਰ ਪੋਹ ਨਹੀਂ ਸਕਦਾ ॥੩॥੮॥

The rest of the world (which) remains entangled in love for Maya (remains affected by fear) does not reach that spiritual state where no fear can reach. ||3||8||

शेष संसार जो माया के मोह में फंसा रहता है (भयभीत रहता है, वह) उस आध्यात्मिक स्थिति को प्राप्त नहीं कर पाता, जहाँ कोई भय नहीं पहुँच सकता ॥३॥८॥

**ਗਉੜੀ ਮਹਲਾ ੯ ॥**

**गउड़ी महला ९ ॥**

ਰਾਗ ਗਉੜੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Gouṛee.

राग गउड़ी में श्री गुरु तेग बहादुर जी की वाणी।

**ਨਰ ਅਚੇਤ ਪਾਪ ਤੇ ਡਰੁ ਰੇ ॥**

**नर अचेत पाप ते डरु रे ॥**

ਹੇ ਗਾਫ਼ਲ ਮਨੁੱਖ! ਪਾਪਾਂ ਤੋਂ ਬਚਿਆ ਰਹੁ,

O careless man! Stay away from sins!

हे असावधान मनुष्य! पापों से दूर रह!

**ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥**

**दीन दइआल सगल भै भंजन सरनि ताहि तुम परु रे ॥१॥ रहाउ ॥**

(ਤੇ ਇਹਨਾਂ ਪਾਪਾਂ ਤੋਂ ਬਚਣ ਵਾਸਤੇ ਉਸ) ਪਰਮਾਤਮਾ ਦੀ ਸਰਨ ਪਿਆ ਰਹੁ, ਜੋ ਗਰੀਬਾਂ ਤੇ ਦਇਆ ਕਰਨ ਵਾਲਾ ਹੈ ਤੇ ਸਾਰੇ ਡਰ ਦੂਰ ਕਰਨ ਵਾਲਾ ਹੈ ॥੧॥ ਠਹਿਰਾਉ ॥

(And to avoid these sins) take refuge in God who is merciful to the poor and who removes all fears. ||1|| Pause.||
(तथा इन पापों से बचने के लिए) ईश्वर की शरण लो, जो दीन-दुखियों पर दयालु है तथा सब भय दूर करने वाला है।

**ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥**
**बेद पुरान जास गुन गावत ता को नामु हीऐ मो धरु रे ॥**
(ਹੇ ਗਾਫ਼ਲ ਮਨੁੱਖ!) ਉਸ ਪਰਮਾਤਮਾ ਦਾ ਨਾਮ ਆਪਣੇ ਨਾਮ ਹਿਰਦੇ ਵਿਚ ਪ੍ਰੋ ਰੱਖ, ਜਿਸ ਦੇ ਗੁਣ ਵੇਦ-ਪੁਰਾਣ (ਆਦਿ ਧਰਮ-ਪੁਸਤਕ) ਗਾ ਰਹੇ ਹਨ।
(O careless man!) Keep the Name of that Supreme Being in your heart, whose praises are sung in the Vedas and Puranas (religious books).
(हे असावधान मनुष्य!) उस ईश्वर का नाम अपने हृदय में रख, जिसका गुण वेद तथा पुराणों (आदि) में गाया गया है।

**ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥**
**पावन नामु जगति मै हरि को सिमरि सिमरि कसमल सभ हरु रे ॥१॥**
(ਹੇ ਗਾਫ਼ਲ ਮਨੁੱਖ! ਪਾਪਾਂ ਤੋਂ ਬਚਾ ਕੇ) ਪਵਿੱਤਰ ਕਰਨ ਵਾਲਾ ਜਗਤ ਵਿਚ ਪਰਮਾਤਮਾ ਦਾ ਨਾਮ (ਹੀ) ਹੈ, ਤੂੰ ਉਸ ਪਰਮਾਤਮਾ ਦਾ ਸਿਮਰਨ ਕਰ-ਕਰ ਕੇ (ਆਪਣੇ ਅੰਦਰੋਂ) ਸਾਰੇ ਪਾਪ ਦੂਰ ਕਰ ਲੈ! ॥੧॥
(O careless man!) In this world it is only the Name of God that can purify you (by saving you from vices). Remembering that God remove all the sins (from within you). ||1||
(हे अविवेकी मनुष्य! संसार को पापों से बचाकर पवित्र करने वाला एकमात्र भगवान का नाम है। उस नाम का ध्यान करके तू समस्त पापों को (अपने भीतर से) दूर कर! ॥१॥

**ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥**
**मानस देह बहुरि नह पावै कछू उपाउ मुकति का करु रे ॥**
(ਹੇ ਗਾਫ਼ਲ ਮਨੁੱਖ) ਤੂੰ ਇਹ ਮਨੁਖਾ ਸਰੀਰ ਫਿਰ ਕਦੇ ਨਹੀਂ ਲੱਭ ਸਕੇਂਗਾ (ਇਸ ਨੂੰ ਕਿਉਂ ਪਾਪਾਂ ਵਿਚ ਲੱਗ ਕੇ ਗਵਾ ਰਿਹਾ ਹੈਂ? ਇਹੀ ਵੇਲਾ ਹੈ। ਇਹਨਾਂ ਪਾਪਾਂ ਤੋਂ) ਖ਼ਲਾਸੀ ਪ੍ਰਾਪਤ ਕਰਨ ਦਾ ਕੋਈ ਇਲਾਜ ਕਰ ਲੈ।
(O careless man!) You ill never get this human body again. (Why are you losing this life by indulging in sins?). Take the steps to get rid of sins (the time is now to do that)!
(हे असावधान मनुष्य) तू यह मानव शरीर फिर कभी नहीं पा सकेगा (क्यों पाप करके इसे खो रहा है? यही समय है।) इन पापों से मुक्ति पाने के लिए कुछ उपचार कर।

**ਨਾਨਕ ਕਹਤ ਗਾਇ ਕਰੁਨਾ ਮੈ ਭਵਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥**
**नानक कहत गाइ करुना मै भव सागर कै पारि उतरु रे ॥२॥९॥२५१॥**
ਤੈਨੂੰ ਨਾਨਕ ਆਖਦਾ ਹੈ ਕਿ ਤਰਸ-ਰੂਪ ਪਰਮਾਤਮਾ ਦੇ ਗੁਣ ਗਾ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ॥੨॥੯॥੨੫੧॥
Nanak tells you to cross over the worldly-ocean by singing the praises of the compassionate God. ||2||9||251||
नानक आपको दयालु ईश्वर के गुणगान गाकर संसार सागर से पार जाने को कहते हैं ॥२॥९॥२५१॥

**Page 411**

**ੴ ਸਤਿਗੁਰ ਪ੍ਰਸਾਦਿ ॥**
**ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

**ਰਾਗੁ ਆਸਾ ਮਹਲਾ ੯ ॥**

**रागु आसा महला ९ ॥**

ਰਾਗ ਆਸਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Aaasaa.

राग आसा में श्री गुरु तेग बहादुर जी की वाणी।

**ਬਿਰਥਾ ਕਹਉ ਕਉਨ ਸਿਉ ਮਨ ਕੀ ॥**

**बिरथा कहउ कउन सिउ मन की ॥**

ਮੈਂ ਇਸ (ਮਨੁੱਖੀ) ਮਨ ਦੀ ਭੈੜੀ ਹਾਲਤ ਕਿਸ ਨੂੰ ਦੱਸਾਂ (ਹਰੇਕ ਮਨੁੱਖ ਦਾ ਇਹੀ ਹਾਲ ਹੈ),

To whom shall I tell of this dreadful state of (human) mind (everyone is like this),

इस (मानव) मन की बुरी हालत किससे कहूँ (हर मनुष्य की यही हालत है),

**ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥**

**लोभि ग्रसिओ दस हू दिस धावत आसा लागिओ धन की ॥१॥ रहाउ ॥**

ਲੋਭ ਵਿਚ ਫਸਿਆ ਹੋਇਆ ਇਹ ਮਨ ਦਸ ਦਿਸ਼ਾ ਵਲ ਦੌੜਦਾ ਰਹਿੰਦਾ ਹੈ, ਇਸ ਨੂੰ ਧਨ ਜੋੜਨ ਦੀ ਤ੍ਰਿਸ਼ਨਾ ਚੰਬੜੀ ਰਹਿੰਦੀ ਹੈ ॥੧॥ ਠਹਿਰਾਉ ॥

(This is the condition of human beings), this mind trapped in greed keeps running in ten directions, it always has the desire to accumulate wealth. ||1|| Pause.||

लोभ में फँसा हुआ यह मन दसों दिशाओं में दौड़ता रहता है, धन-संचय की कामना इसे जकड़े रहती है ॥१॥ विराम॥

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥**

**सुख कै हेति बहुतु दुखु पावत सेव करत जन जन की ॥**

ਸੁਖ ਹਾਸਲ ਕਰਨ ਵਾਸਤੇ (ਇਹ ਮਨ) ਹਰ ਇਕ ਦੀ ਖ਼ੁਸ਼ਾਮਦ ਕਰਦਾ ਫਿਰਦਾ ਹੈ (ਤੇ ਇਸ ਤਰ੍ਹਾਂ ਸੁਖ ਦੇ ਥਾਂ ਸਗੋਂ) ਦੁੱਖ ਸਹਾਰਦਾ ਹੈ।

To attain happiness (this mind) caters everybody and (thus instead of happiness) endures sorrow.

सुख पाने के लिए (यह मन) सब की खुशामद करता है (तथा इस प्रकार सुख की जगह) दुःख सहता है।

**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥**

**दुआरहि दुआरि सुआन जिउ डोलत नह सुध राम भजन की ॥१॥**

ਕੁੱਤੇ ਵਾਂਗ ਹਰੇਕ ਦੇ ਦਰ ਤੇ ਭਟਕਦਾ ਫਿਰਦਾ ਹੈ ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੂਝ ਹੀ ਨਹੀਂ ਪੈਂਦੀ ॥੧॥

Like a dog, he keeps wandering from one door to another; it never occurs to him to to recite the Name of God. ||1||

वह कुत्ते की तरह सबके दरवाजे पर घूमता रहता है, परन्तु उसे कभी भगवान का गुणगान करने की समझ नहीं होती ॥१॥

**ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥**

**मानस जनम अकारथ खोवत लाज न लोक हसन की ॥**

(ਲੋਭ ਵਿਚ ਫਸਿਆ ਹੋਇਆ) ਇਹ ਜੀਵ ਆਪਣਾ ਮਨੁਖਾ ਜਨਮ ਵਿਅਰਥ ਹੀ ਗਵਾ ਲੈਂਦਾ ਹੈ, (ਇਸ ਦੇ ਲਾਲਚ ਦੇ ਕਾਰਨ) ਲੋਕਾਂ ਵੱਲੋਂ ਹੋ ਰਹੇ ਹਾਸੇ-ਮਜ਼ਾਕ ਦੀ ਵੀ ਇਸ ਨੂੰ ਸ਼ਰਮ ਨਹੀਂ ਆਉਂਦੀ।

The being (trapped in greed) wastes his human life. He is not even ashamed of the mockery made by people (due to his greed).

(लोभ में फँसकर) प्राणी अपना मानव जन्म व्यर्थ ही खो देता है, (लोभ के कारण) लोगों से मिलने वाले उपहास तथा मजाक से भी उसे लज्जा नहीं आती।

**ਨਾਨਕ ਹਰਿ ਜਸੁ ਕਿਉ ਨਹੀ ਗਾਵਤ. ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥**

**नानक हरि जसु किउ नही गावत कुमति बिनासै तन की ॥२॥१॥२३३॥**

ਹੇ ਨਾਨਕ! (ਆਖ ਕਿ ਹੇ ਜੀਵ!) ਤੂੰ ਪਰਮਾਤਮਾ ਦੀ ਸਿਫ਼ਤ-ਸਲਾਹ ਕਿਉਂ ਨਹੀਂ ਕਰਦਾ? (ਸਿਫ਼ਤ-ਸਲਾਹ ਦੀ ਬਰਕਤ ਨਾਲ ਹੀ) ਤੇਰੀ ਇਹ ਭੈੜੀ ਬੁੱਧੀ ਦੂਰ ਹੋ ਸਕੇਗੀ ॥੨॥੧॥੨੩੩॥

O Nanak! (Say: O being!) Why do you not praise and glorify God? (Only by the blessing of glory of God) this evil thought of yours will be removed. ||2||1||233||

हे नानक! (हे जीव! कहो!) तुम भगवान की महिमा क्यों नहीं करते? (केवल महिमा के आशीर्वाद से) तुम्हारी यह दुष्ट बुद्धि दूर हो जाएगी ॥२॥१॥२३३॥

**Page 536**

**ੴ ਸਤਿਗੁਰ ਪ੍ਰਸਾਦਿ ॥**

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

**ਰਾਗੁ ਦੇਵਗੰਧਾਰੀ ਮਹਲਾ ੯ ॥**

**रागु देवगंधारी महला ९ ॥**

ਰਾਗ ਦੇਵਗੰਧਾਰੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Devgandhaaree.

राग देवगण्धारी में श्री गुरु तेग बहादुर जी की वाणी।

**ਯਹ ਮਨੁ ਨੈਕ ਨ ਕਹਿਓ ਕਰੈ ॥**

**यह मनु नैक न कहिओ करै ॥**

ਇਹ ਮਨ ਰਤਾ ਭਰ ਵੀ ਮੇਰਾ ਕਿਹਾ ਨਹੀਂ ਮੰਨਦਾ।

This mind does not listen to me even for a moment.

यह मन एक क्षण के लिए भी मेरी बात नहीं मानता।

**ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥੧॥ ਰਹਾਉ ॥**

**सीख सिखाइ रहिओ अपनी सी दुरमति ते न टरै ॥१॥ रहाउ ॥**

ਮੈਂ ਆਪਣੇ ਵੱਲੋਂ ਇਸ ਨੂੰ ਸਿੱਖਿਆ ਦੇ-ਦੇ ਕੇ ਥੱਕ ਗਿਆ ਹਾਂ, ਫਿਰ ਵੀ ਇਹ ਭੈੜੀ ਬੁੱਧੀ ਵੱਲੋਂ ਹਟਦਾ ਨਹੀਂ ॥੧॥ ਠਹਿਰਾਉ ॥

I am tired of teaching him, yet he does not give up his evil thoughts. ||1|| Pause.||

मैं इसे सिखाते-सिखाते थक गया हूँ, फिर भी यह अपनी दुष्ट बुद्धि से दूर नहीं होता ॥१॥ विराम॥

**ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥**

**मदि माइआ कै भइओ बावरो हरि जसु नहि उचरै ॥**

ਮਾਇਆ ਦੇ ਨਸ਼ੇ ਵਿਚ ਇਹ ਮਨ ਝੱਲਾ ਹੋਇਆ ਪਿਆ ਹੈ, ਕਦੇ ਇਹ ਪਰਮਾਤਮਾ ਦੀ ਸਿਫ਼ਤ-ਸਲਾਹ ਦੀ ਬਾਣੀ ਨਹੀਂ ਉਚਾਰਦਾ,

This mind has gone mad under the influence of Maya, it never utters words of God’s glory,

यह मन माया से मतवाला है, यह कभी भी भगवान की महिमा के शब्द नहीं बोलता।

**ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥੧॥**

**करि परपंचु जगत कउ डहकै अपनो उदरु भरै ॥१॥**

ਵਿਖਾਵਾ ਕਰ ਕੇ ਦੁਨੀਆ ਨੂੰ ਠਗਦਾ ਰਹਿੰਦਾ ਹੈ, ਤੇ, (ਠੱਗੀ ਨਾਲ ਇਕੱਠੇ ਕੀਤੇ ਧਨ ਦੀ ਰਾਹੀਂ) ਆਪਣਾ ਪੇਟ ਭਰਦਾ ਰਹਿੰਦਾ ਹੈ ॥੧॥

By deceitful schemes (showing off) he continues to deceive the world, and continues to fill his stomach (with the money collected through fraud). ||1||

दिखावे से संसार को धोखा देता रहता है, तथा (धोखे से एकत्र किए धन से) अपना पेट भरता रहता है ॥१॥

**ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥**

**सुआन पूछ जिउ होइ न सूधो कहिओ न कान धरै ॥**

ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਵੀ ਸਿੱਧਾ ਨਹੀਂ ਹੁੰਦਾ, (ਕਿਸੇ ਦੀ ਵੀ) ਦਿੱਤੀ ਹੋਈ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ।

Like the tail of a dog, this mind is never straight, it does not listen attentively to the teachings given (by anyone).

कुत्ते की दुम की तरह यह मन कभी सीधा नहीं रहता, यह दी गई शिक्षा को ध्यान से नहीं सुनता।

**ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥੨॥੧॥**

**कहु नानक भजु राम नाम नित जा ते काजु सरै ॥२॥१॥**

ਹੇ ਨਾਨਕ, ਆਖ! ਰੋਜ਼ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ ਜਿਸ ਦੀ ਬਰਕਤ ਨਾਲ ਤੇਰਾ ਜਨਮ-ਮਨੋਰਥ ਹੱਲ ਹੋ ਜਾਏ ॥੨॥੧॥

O Nanak, say! Recite the Name of God daily, due to which the purpose of your life may be accomplished. ||2||1||

हे नानक! कहो! प्रतिदिन उस ईश्वर का नाम जपो, जिसकी कृपा से तुम्हारी जन्म-इच्छा पूरी होगी ॥२॥१॥

**ਦੇਵਗੰਧਾਰੀ ਮਹਲਾ ੯ ॥**

**देवगंधारी महला ९ ॥**

ਰਾਗ ਦੇਵਗੰਧਾਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Devgandhaaree.

राग देवगंधारी में श्री गुरु तेग बहादुर जी की वाणी।

**ਸਭ ਕਿਛੁ ਜੀਵਤ ਕੋ ਬਿਵਹਾਰ ॥**

**सभ किछु जीवत को बिवहार ॥**

ਇਹ ਸਭ ਕੁਝ ਜਿਉਂਦਿਆਂ ਦਾ ਹੀ ਮੇਲ-ਜੋਲ ਹੈ,

All human dealings and relations are due to being alive,

यह सब व्यवहार तथा संबंध जीवित होने से ही है,

**ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ ਰਹਾਉ ॥**

**मात पिता भाई सुत बंधप अरु फुनि ग्रिह की नारि ॥१॥ रहाउ ॥**

ਮਾਂ, ਪਿਉ, ਭਰਾ, ਪੁੱਤਰ, ਰਿਸ਼ਤੇਦਾਰ ਅਤੇ ਘਰ ਦੀ ਵਹੁਟੀ ਦਾ ਵੀ ॥੧॥ ਠਹਿਰਾਉ ॥

such as mother, father, brother, son, relatives and also the daughter-in-law of the house. ||1|| Pause.||

जैसे माता, पिता, भाई, पुत्र, रिश्तेदार तथा यहाँ तक कि घर की पत्नी का संबद्ध भी ॥१॥ विराम॥

## ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥

**तन ते प्रान होत जब निआरे टेरत प्रेति पुकारि ॥**

(ਮੌਤ ਆਉਣ ਤੇ) ਜਦੋਂ ਜਿੰਦ ਸਰੀਰ ਨਾਲੋਂ ਵੱਖਰੀ ਹੋ ਜਾਂਦੀ ਹੈ, ਤਾਂ (ਇਹ ਸਾਰੇ ਸਨਬੰਧੀ) ਉੱਚੀ-ਉੱਚੀ ਆਖਦੇ ਹਨ ਕਿ ਇਹ ਗੁਜ਼ਰ ਚੁੱਕਾ ਹੈ ਗੁਜ਼ਰ ਚੁੱਕਾ ਹੈ।

(At the time of death) when the soul separates from the body, then (all these relatives) start shouting loudly that he is a ghost (dead).

(मृत्यु के समय) जब आत्मा शरीर से अलग हो जाती है, (ये सभी रिश्तेदार) जोर से कहते हैं कि वह प्रेत है (मर गया है)।

## ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ॥੧॥

**आध घरी कोऊ नहि राखै घर ते देत निकारि ॥१॥**

ਕੋਈ ਵੀ ਸਨਬੰਧੀ ਅੱਧੀ ਘੜੀ ਲਈ ਵੀ (ਉਸ ਨੂੰ) ਘਰ ਵਿਚ ਨਹੀਂ ਰੱਖਦਾ, ਘਰ ਤੋਂ ਕੱਢ ਦਿੰਦੇ ਹਨ ॥੧॥

No relative keeps him in the house even for a while; they throw him out of the house.

कोई भी रिश्तेदार उसे आधा घंटे भी घर में नहीं रखता, उसे घर से बाहर निकाल देते हैं ॥१॥

## ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ ॥

**म्रिग त्रिसना जिउ जग रचना यह देखहु रिदै बिचारि ॥**

ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲਵੋ, ਇਹ ਜਗਤ-ਖੇਡ ਠਗ-ਨੀਰੇ ਵਾਂਗ ਹੈ (ਜਿਵੇਂ ਤਿਹਾਇਆ ਹਿਰਨ ਰੇਗਿਸਤਾਨ ਵਿੱਚ ਪਾਣੀ ਪਿੱਛੇ ਦੌੜਨ ਵੇਲੇ ਧੋਖਾ ਖਾਂਦਾ ਹੈ, ਮਨੁੱਖ ਵੀ ਮਾਇਆ ਪਿੱਛੇ ਦੌੜ-ਦੌੜ ਕੇ ਆਤਮਕ ਮੌਤ ਮਰ ਜਾਂਦਾ ਹੈ)।

Think about it in your heart and see, this worldly game is like a mirage (like a thirsty deer gets cheated due to mirage while running after water in the desert), man dies a spiritual death by running after the worldly entanglements of Maya).

अपने हृदय में विचार करके देखो, यह संसार मृग-तृष्णा के समान है (जैसे रेगिस्तान में प्यासा हिरण पानी के पीछे भागते हुए धोखा खाता; वैसे ही मनुष्य माया के पीछे भागते हुए आध्यात्मिक मृत्यु मरता है)।

## ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ ॥੨॥੨॥

**कहु नानक भजु राम नाम नित जा ते होत उधार ॥२॥२॥**

ਨਾਨਕ ਆਖਦਾ ਹੈ ਕਿ ਸਦਾ ਪਰਮਾਤਮਾ ਦੇ ਨਾਮ ਦਾ ਭਜਨ ਕਰਿਆ ਕਰ ਜਿਸ ਦੀ ਬਰਕਤ ਨਾਲ (ਸੰਸਾਰ ਦੇ ਮੋਹ ਤੋਂ) ਪਾਰ-ਉਤਾਰਾ ਹੁੰਦਾ ਹੈ ॥੨॥੨॥

Nanak says that you should always keep on reciting the Name of God, by its blessing you can cross over (the worldly attachments and attain spiritual enlightenment). ||2||2||

नानक कहते हैं, सदैव उस ईश्वर का नाम जपते रहो, जिसकी कृपा से मनुष्य (संसार की आसक्ति से) मुक्त हो जाता है ॥२॥२॥

## ਦੇਵਗੰਧਾਰੀ ਮਹਲਾ ੯ ॥

**देवगंधारी महला ९ ॥**

ਰਾਗ ਦੇਵਗੰਧਾਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Devgandhaaree.

राग देवगंधारी में श्री गुरु तेग बहादुर जी की वाणी।

## ਜਗਤ ਮੈ ਝੂਠੀ ਦੇਖੀ ਪ੍ਰੀਤਿ ॥

**जगत मै झूठी देखी प्रीति ॥**

ਦੁਨੀਆ ਵਿਚ (ਸਨਬੰਧੀਆਂ ਦਾ) ਪਿਆਰ ਮੈਂ ਝੂਠਾ ਹੀ ਵੇਖਿਆ ਹੈ।

In this world, I have only seen false love (in relationships).
मैंने दुनिया में (रिश्तेदारों के बीच) सिर्फ झूठा प्यार ही देखा है।

**ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥**
**अपने ही सुख सिउ सभ लागे किआ दारा किआ मीत ॥१॥ रहाउ ॥**
ਚਾਹੇ ਇਸਤ੍ਰੀ ਹੈ ਚਾਹੇ ਮਿੱਤਰ ਹਨ-ਸਾਰੇ ਆਪੋ ਆਪਣੇ ਸੁਖ ਦੀ ਖ਼ਾਤਰ ਹੀ (ਮਨੁੱਖ ਦੇ) ਨਾਲ ਤੁਰੇ ਫਿਰਦੇ ਹਨ ॥੧॥ ਠਹਿਰਾਉ ॥
Be it a woman or a friend, all move around with the person for their own happiness. ||1|| Pause.||
पत्नी हो या मित्र, सब अपने सुख के लिए ही साथ चलते हैं ॥१॥ विराम॥

**ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥**
**मेरउ मेरउ सभै कहत है हित सिउ बाधिओ चीत ॥**
ਹਰ ਕੋਈ ਇਹੀ ਆਖਦਾ ਹੈ 'ਇਹ ਮੇਰਾ ਹੈ, ਇਹ ਮੇਰਾ ਹੈ', ਕਿਉਂ ਕਿ ਚਿੱਤ ਮੋਹ ਨਾਲ ਬੱਝਾ ਹੁੰਦਾ ਹੈ।
Everybody says 'This is mine, this is mine' because the mind is bound by attachment.
सभी लोग कहते हैं, 'यह मेरा है, यह मेरा है', क्योंकि मन आसक्ति से बंधा हुआ है।

**ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥**
**अंति कालि संगी नह कोऊ इह अचरज है रीति ॥१॥**
ਪਰ ਅਖੀਰਲੇ ਵੇਲੇ ਕੋਈ ਵੀ ਸਾਥੀ ਨਹੀਂ ਬਣਦਾ। (ਜਗਤ ਦੀ) ਇਹ ਅਚਰਜ ਮਰਯਾਦਾ ਚਲੀ ਆ ਰਹੀ ਹੈ ॥੧॥
But at the end no one becomes a partner. This is the strange custom (of the world). ||1||
पर अन्तिम समय कोई संगी नहीं बनता। यह विचित्र रीति (दुनिया की) चलती आ रही है ॥१॥

**ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥**
**मन मूरख अजहू नह समझत सिख दै हारिओ नीत ॥**
ਹੇ ਮੂਰਖ ਮਨ! ਤੈਨੂੰ ਮੈਂ ਸਦਾ ਸਿੱਖਿਆ ਦੇ-ਦੇ ਕੇ ਥੱਕ ਗਿਆ ਹਾਂ, ਤੂੰ ਅਜੇ ਵੀ ਅਕਲ ਨਹੀਂ ਕਰਦਾ।
O foolish mind! I have always taught you, I am tired, you still do not understand.
हे मूर्ख मन! मैं तुझे बार-बार शिक्षा देते-देते थक गया हूँ, फिर भी तू समझ नहीं रहा है।

**ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥**
**नानक भउजलु पारि परै जउ गावै प्रभ के गीत ॥२॥३॥६॥३८॥४७॥**
ਹੇ ਨਾਨਕ, ਆਖ! ਜਦੋਂ ਮਨੁੱਖ ਪਰਮਾਤਮਾ ਦੀ ਸਿਫ਼ਤ-ਸਲਾਹ ਦੇ ਗੀਤ ਗਾਂਦਾ ਹੈ, ਤਦੋਂ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ॥੨॥੩॥੬॥੩੮॥੪੭॥
O Nanak, (say that) when a man sings songs of the praise of God, then he crosses the worldly-ocean (spiritual obstacles). ||2||3||6||38||47||
हे नानक, कहो! जब मनुष्य परमात्मा की महिमा का गान करता है, तब वह संसार सागर से पार हो जाता है ॥२॥३॥६॥३८॥४७॥

**Page 537**

**ੴ ਸਤਿਗੁਰ ਪ੍ਰਸਾਦਿ ॥**
**ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

**ਰਾਗੁ ਬਿਹਾਗੜਾ ਮਹਲਾ ੯ ॥**

**रागु बिहागड़ा महला ९ ॥**

ਰਾਗ ਬਿਹਾਗੜਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Bihaagaṛaa.

राग बिहागड़ा में श्री गुरु तेग बहादुर जी की वाणी।

**ਹਰਿ ਕੀ ਗਤਿ ਨਹਿ ਕੋਊ ਜਾਨੈ ॥**

**हरि की गति नहि कोऊ जानै ॥**

ਕੋਈ ਵੀ ਮਨੁੱਖ ਇਹ ਨਹੀਂ ਜਾਣ ਸਕਦਾ ਕਿ ਪਰਮਾਤਮਾ ਕਿਹੋ ਜਿਹਾ ਹੈ,

No human being can know what God is like.

कोई भी इंसान नहीं जान सकता कि भगवान कैसा है,

**ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥**

**जोगी जती तपी पचि हारे अरु बहु लोग सिआने ॥१॥ रहाउ ॥**

ਅਨੇਕਾਂ ਜੋਗੀ, ਅਨੇਕਾਂ ਤਪੀ, ਅਤੇ ਹੋਰ ਬਥੇਰੇ ਸਿਆਣੇ ਮਨੁੱਖ ਖਪ-ਖਪ ਕੇ ਹਾਰ ਗਏ ਹਨ ॥੧॥ ਠਹਿਰਾਉ ॥

(Trying to find out about the state of God) Countless yogis, countless ascetics, and many other wise people have gotten exhausted and have given up. ||1|| Pause.||

कई योगी, कई तपस्वी तथा कई अन्य बुद्धिमान लोग (प्रभु के बारे खोजते हुए) हार चुके हैं ॥१॥ विराम॥

**ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥**

**छिन महि राउ रंक कउ करई राउ रंक करि डारे ॥**

ਉਹ ਪਰਮਾਤਮਾ ਇਕ ਛਿਨ ਵਿਚ ਕੰਗਾਲ ਨੂੰ ਰਾਜਾ ਬਣਾ ਦਿੰਦਾ ਹੈ, ਤੇ, ਰਾਜੇ ਨੂੰ ਕੰਗਾਲ ਕਰ ਦਿੰਦਾ ਹੈ,

God in a moment turns a pauper into a king and makes a king into a pauper.

भगवान एक गरीब आदमी को एक पल में राजा बना देता है, तथा एक राजा को एक गरीब आदमी बना देता है,

**ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ ॥੧॥**

**रीते भरे भरे सखनावै यह ता को बिवहारे ॥१॥**

ਖ਼ਾਲੀ ਭਾਂਡਿਆਂ ਨੂੰ ਭਰ ਦਿੰਦਾ ਹੈ ਤੇ ਭਰਿਆਂ ਨੂੰ ਖ਼ਾਲ ਕਰ ਦਿੰਦਾ ਹੈ (ਭਾਵ, ਗਰੀਬਾਂ ਨੂੰ ਅਮੀਰ ਤੇ ਅਮੀਰਾਂ ਨੂੰ ਗ਼ਰੀਬੀ ਬਣਾ ਦਿੰਦਾ ਹੈ) ਇਹ ਉਸ ਦਾ ਨਿਤ ਦਾ ਕੰਮ ਹੈ ॥੧॥

He fills empty vessels and empties the filled vessels (meaning, He makes the poor rich and the rich poor), this His job. ||1||

वह खाली बर्तनों को भरता है तथा भरे हुए बर्तनों को खाली करता है (अर्थात् गरीब को अमीर बनाता है तथा अमीर को गरीब बनाता है)। यह उसका दैनिक कार्य है ॥१॥

**ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥**

**अपनी माइआ आपि पसारी आपहि देखनहारा ॥**

(ਇਸ ਦਿਸਦੇ ਜਗਤ-ਰੂਪ ਤਮਾਸ਼ੇ ਵਿਚ) ਪਰਮਾਤਮਾ ਨੇ ਆਪਣੀ ਮਾਇਆ ਆਪ ਖਿਲਾਰ ਦਿੱਤੀ ਹੋਈ ਹੈ, ਉਹ ਆਪ ਹੀ ਇਸ ਦੀ ਸੰਭਾਲ ਕਰ ਰਿਹਾ ਹੈ।

(In this visible world-like spectacle) God has himself spread His Maya, He himself is taking care of it.

(इस दृश्यमान विश्वरूपी तमाशे में) भगवान ने अपनी माया स्वयं ही फैला रखी है, वे स्वयं ही इसका पालन कर रहे हैं।

### ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥੨॥

**नाना रूपु धरे बहु रंगी सभ ते रहै निआरा ॥२॥**

ਉਹ ਅਨੇਕਾਂ ਰੰਗਾਂ ਦਾ ਮਾਲਕ ਪ੍ਰਭੂ ਕਈ ਤਰ੍ਹਾਂ ਦੇ ਰੂਪ ਧਾਰ ਲੈਂਦਾ ਹੈ, ਤੇ ਸਾਰਿਆਂ ਰੂਪਾਂ ਤੋਂ ਵੱਖਰਾ ਵੀ ਰਹਿੰਦਾ ਹੈ ॥੨॥

God assumes many forms and also remains separate from all forms. ||2||

वह भगवान अनेक रंगों वाला है, अनेक रूप धारण करता है, फिर भी वह सभी रूपों से पृथक रहता है ॥२॥

### ਅਗਨਤ ਅਪਾਰੁ ਅਲਖ੍ਹ ਨਿਰੰਜਨ ਜਿਹ ਸਭ ਜਗੁ ਭਰਮਾਇਓ ॥

**अगनत अपारु अलख निरंजन जिह सभ जगु भरमाइओ ॥**

ਉਸ ਪਰਮਾਤਮਾ ਦੇ ਗੁਣ ਗਿਣੇ ਨਹੀਂ ਜਾ ਸਕਦੇ, ਉਹ ਬੇਅੰਤ ਹੈ, ਉਹ ਅਦ੍ਰਿਸ਼ਟ ਹੈ, ਉਹ ਨਿਰਲੇਪ ਹੈ, ਉਸ ਪਰਮਾਤਮਾ ਨੇ ਹੀ ਸਾਰੇ ਜਗਤ ਨੂੰ (ਮਾਇਆ ਦੀ) ਭਟਕਣਾ ਵਿਚ ਪਾਇਆ ਹੋਇਆ ਹੈ।

The Supreme Being is beyond measure, He is infinite, invisible and is immaculate (detached from Maya). He has kept the entire world wandering (in the illusion of Maya).

उस ईश्वर के गुणों की गणना नहीं की जा सकती, वह अनंत है, वह अदृश्य है, वह निर्लिप्त है, उसी ने सम्पूर्ण जगत को (माया की) भटकना में डाल रखा है।

### ਸਗਲ ਭਰਮ ਤਜਿ ਨਾਨਕ ਪ੍ਰਾਣੀ. ਚਰਨਿ ਤਾਹਿ ਚਿਤੁ ਲਾਇਓ ॥੩॥੧॥੨॥

**सगल भरम तजि नानक प्राणी चरनि ताहि चितु लाइओ ॥३॥१॥२॥**

ਹੇ ਨਾਨਕ! ਜਿਸ ਮਨੁੱਖ ਨੇ ਉਸ ਦੇ ਚਰਨਾਂ ਵਿਚ ਮਨ ਜੋੜਿਆ ਹੈ, ਇਹ ਮਾਇਆ ਦੀਆਂ ਸਾਰੀਆਂ ਭਟਕਣਾ ਤਿਆਗ ਕੇ ਹੀ ਜੋੜਿਆ ਹੈ ॥੩॥੧॥੨॥

O Nanak! By abondoning all you doubts of the mind, devote your mind to His feet (in His meditation)! ||3||1||2||

हे नानक! जिसने अपने मन को उनके (प्रभू के) चरणों में लगा दिया है, उसने माया के समस्त मोह को त्याग करके किया है ॥३॥१॥२॥

**Page 631**

### ਸੋਰਠਿ ਮਹਲਾ ੯

**सोरठि महला ९**

ਰਾਗ ਸੋਰਠ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Sorat$^h$.

राग सोरठ में श्री गुरु तेग बहादुर जी की वाणी।

### ੴ ਸਤਿਗੁਰ ਪ੍ਰਸਾਦਿ ॥

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

### ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥

**रे मन राम सिउ करि प्रीति ॥**

ਹੇ (ਮੇਰੇ) ਮਨ! ਪਰਮਾਤਮਾ ਨਾਲ ਪਿਆਰ ਬਣਾ।
O (my) mind! Create love for God!
हे मेरे मन! ईश्वर के प्रति प्रेम विकसित कर!

**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥**
**स्रवन गोबिंद गुनु सुनउ अरु गाउ रसना गीति ॥१॥ रहाउ ॥**
ਕੰਨਾਂ ਨਾਲ ਪਰਮਾਤਮਾ ਦੀ ਉਸਤਤ ਸੁਣਿਆ ਕਰ, ਅਤੇ, ਜੀਭ ਨਾਲ ਪਰਮਾਤਮਾ (ਦੀ ਮਹਿਮਾ) ਦੇ ਗੀਤ ਗਾਇਆ ਕਰ ॥੧॥ ਠਹਿਰਾਉ ॥
Listen to the praise of God with your ears, and sing songs of (glory of) God with your tongue! ||1|| Pause.||
अपने कानों से परमेश्वर का गुणगान सुनो, तथा अपनी जीभ से परमेश्वर के (उसकी महिमा के) गीत गाओ ॥१॥ विराम॥

**ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥**
**करि साधसंगति सिमरु माधो होहि पतित पुनीत ॥**
ਗੁਰਮੁਖਾਂ ਦੀ ਸੰਗਤ ਕਰਿਆ ਕਰ, ਪਰਮਾਤਮਾ ਦਾ ਸਿਮਰਨ ਕਰਦਾ ਰਹੁ। (ਸਿਮਰਨ ਦੀ ਬਰਕਤ ਨਾਲ) ਵਿਕਾਰੀ ਵੀ ਪਵਿਤਰ ਬਣ ਜਾਂਦੇ ਹਨ।
Keep company with the Gurmukhs (spiritual individuals) and keep remembering God. This way (by remembering God) even those full of vices become pure.
गुरुमुखों (धार्मिक पुरुषों) की संगति करो, प्रभु के नाम का स्मरण करते रहो! (स्मरण के आशीर्वाद से) दुष्ट भी पवित्र हो जाते हैं।

**ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥**
**कालु बिआलु जिउ परिओ डोलै मुखु पसारे मीत ॥१॥**
ਹੇ ਮਿੱਤਰ! (ਇਸ ਕੰਮ ਵਿਚ ਆਲਸ ਨਾ ਕਰ, ਵੇਖ) ਮੌਤ ਸੱਪ ਵਾਂਗ ਮੂੰਹ ਖੋਲ੍ਹ ਕੇ ਪਈ ਫਿਰਦੀ ਹੈ ॥੧॥
O friend! (Do not be lazy in this effort, as) the death roams around like a snake with its mouth open. ||1||
हे मित्र! (इस कार्य में आलस्य मत करो, देखो) मृत्यु मुँह खोले हुए साँप की तरह घूम रही है ॥१॥

**ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥**
**आजु कालि फुनि तोहि ग्रसि है समझि राखउ चीति ॥**
ਆਪਣੇ ਚਿੱਤ ਵਿਚ ਸਮਝ ਰੱਖ ਕਿ (ਇਹ ਮੌਤ) ਤੈਨੂੰ ਵੀ ਛੇਤੀ ਹੀ ਹੜੱਪ ਕਰ ਲਏਗੀ।
Keep in mind that (this death) will soon engulf you too.
अपने मन में यह समझ लो कि यह मृत्यु शीघ्र ही तुम्हें भी खा जायेगी।

**ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥**
**कहै नानकु रामु भजि लै जातु अउसरु बीत ॥२॥१॥**
ਨਾਨਕ (ਤੈਨੂੰ) ਆਖਦਾ ਹੈ: (ਹੁਣ ਅਜੇ ਵੇਲਾ ਹੈ) ਪਰਮਾਤਮਾ ਦਾ ਭਜਨ ਕਰ ਲੈ, ਇਹ ਵੇਲਾ ਲੰਘਦਾ ਜਾ ਰਿਹਾ ਹੈ ॥੨॥੧॥
Nanak tells (you) that (now is the time) to worship God, this time is passing by. ||2||1||
नानक कहते हैं (तुमसे): (अब समय है) प्रभु की पूजा करो, यह समय बीत रहा है ॥२॥१॥

**ਸੋਰਠਿ ਮਹਲਾ ੯ ॥**
**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Sorath.
राग सोरठ में श्री गुरु तेग बहादुर जी की वाणी।

**ਮਨ ਕੀ ਮਨ ਹੀ ਮਾਹਿ ਰਹੀ ॥**

**मन की मन ही माहि रही ॥**

(ਹੇ ਇਨਸਾਨ! ਵੇਖੋ, ਮਾਇਆ ਧਾਰੀ ਦੀ ਮੰਦ-ਭਗਤਾ! ਉਸ ਦੇ) ਮਨ ਦੀ ਆਸ ਮਨ ਵਿਚ ਹੀ ਰਹਿ ਗਈ।
(Oh man! Look at the misfortune of the one who is under the influence of Maya! His) Mind's desires remained unfulfilled.
(अरे मनुष्य! देखो, माया के वशीभूत मनुष्य की दुष्टता! उसकी) मन की आशा मन में ही रह गई।

**ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥**

**ना हरि भजे न तीरथ सेवे चोटी कालि गही ॥१॥ रहाउ ॥**

ਨਾ ਉਸ ਨੇ ਪਰਮਾਤਮਾ ਦਾ ਭਜਨ ਕੀਤਾ, ਨਾ ਹੀ ਉਸ ਨੇ ਸੰਤ ਜਨੋ ਦੀ ਸੇਵਾ ਕੀਤੀ, ਤੇ, ਮੌਤ ਨੇ ਬੋਦੀ ਆ ਫੜੀ ॥੧॥ ਠਹਿਰਾਉ ॥
Neither did he worship God, nor did he serve the saintly beings (sacred shrines), and then death caught hold of him form the hair on top of his head. ||1|| Pause.||
उसने न तो ईश्वर की आराधना की, न संतों की सेवा की, तथा मृत्यु आकर उसे बालों से पकड़ कर ले गई ॥१॥ विराम॥

**ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥**

**दारा मीत पूत रथ स्मपति धन पूरन सभ मही ॥**

(ਹੇ ਇਨਸਾਨ!) ਇਸਤ੍ਰੀ, ਮਿੱਤਰ, ਪੁੱਤਰ, ਗੱਡੀਆਂ, ਮਾਲ-ਅਸਬਾਬ, ਧਨ-ਪਦਾਰਥ ਸਾਰੀ ਹੀ ਧਰਤੀ-
(O man!) Women, friends, sons, vehicles, goods, wealth, the entire earth,
(हे मनुष्य!) पत्नी, मित्र, पुत्र, वाहन, माल, धन, सम्पूर्ण पृथ्वी -

**ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧॥**

**अवर सगल मिथिआ ए जानउ भजनु रामु को सही ॥१॥**

ਇਹ ਸਭ ਕੁਝ ਨਾਸਵੰਦ ਸਮਝੋ! ਪਰਮਾਤਮਾ ਦਾ ਭਜਨ (ਹੀ) ਅਸਲ (ਸਾਥੀ) ਹੈ ॥੧॥
understand that all this is perishable. Remembrance of God (meditation) is the only real companion. ||1||
इन सब वस्तुओं को नाशवान समझो! भगवान का भजन ही सच्चा (साथी) है ॥१॥

**ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥**

**फिरत फिरत बहुते जुग हारिओ मानस देह लही ॥**

ਕਈ ਜੁਗ (ਜੂਨਾਂ ਵਿਚ) ਭਟਕ-ਭਟਕ ਕੇ ਤੂੰ ਥੱਕ ਗਿਆ ਸੀ। (ਹੁਣ) ਤੈਨੂੰ ਮਨੁਖਾ ਸਰੀਰ ਲੱਭਾ ਹੈ।
You were tired of wandering for many ages (through transmigration), and (now) you have got the human body.
तुम अनेक युगों से (योनियों में) भटकते-भटकते थक गए थे, (अब) तुम्हें मानव शरीर मिला है।

**ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥**

**नानक कहत मिलन की बरीआ सिमरत कहा नही ॥२॥२॥**

ਨਾਨਕ ਆਖਦਾ ਹੈ ਕਿ (ਹੇ ਇਨਸਾਨ! ਪਰਮਾਤਮਾ ਨੂੰ) ਮਿਲਣ ਦੀ ਇਹੀ ਵਾਰੀ ਹੈ, ਹੁਣ ਤੂੰ ਸਿਮਰਨ ਕਿਉਂ ਨਹੀਂ ਕਰਦਾ? ॥੨॥੨॥

Nanak says, "( O man! ) This is the chance to meet God, why don't you remember Him (meditate on Him) now?". ||2||2||
नानक कहते हैं, "यह तो भगवान से मिलने का समय है (हे मनुष्य!), अब तुम हरि-स्मरण क्यों नहीं करते?" ॥२॥२॥

### ਸੋਰਠਿ ਮਹਲਾ ੯ ॥

**सोरठि महला ९ ॥**
ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Sorath.
राग सोरठ में श्री गुरु तेग बहादुर जी की वाणी।

### ਮਨ ਰੇ ਕਉਨੁ ਕੁਮਤਿ ਤੈ$_2$ ਲੀਨੀ ॥

**मन रे कउनु कुमति तै लीनी ॥**
ਹੇ ਮਨ! ਤੂੰ ਕੇਹੜੀ ਭੈੜੀ ਸਿੱਖਿਆ ਲੈ ਲਈ ਹੈ?
O mind! What bad teaching have you learnt?
हे मन, तूने कौन सी बुरी शिक्षा ग्रहण की है?

### ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥

**पर दारा निंदिआ रस रचिओ राम भगति नहि कीनी ॥१॥ रहाउ ॥**
ਤੂੰ ਪਰਾਈ ਇਸਤ੍ਰੀ, ਪਰਾਈ ਨਿੰਦਿਆ ਦੇ ਰਸ ਵਿਚ ਮਸਤ ਰਹਿੰਦਾ ਹੈਂ। ਪਰਮਾਤਮਾ ਦੀ ਭਗਤੀ ਤੂੰ (ਕਦੇ) ਨਹੀਂ ਕੀਤੀ ॥੧॥ ਠਹਿਰਾਉ ॥
You remain engrossed in the pleasure of other's wife and slandering others. You have (never) worshipped the God. ||1|| Pause.||
परस्त्री के रस में, पराई निंदा में तू मतवाला रहता है। तूने कभी भगवान की भक्ति नहीं की ॥१॥ विराम॥

### ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥

**मुकति पंथु जानिओ तै नाहनि धन जोरन कउ धाइआ ॥**
(ਹੇ ਇਨਸਾਨ!) ਤੂੰ ਵਿਕਾਰਾਂ ਤੋਂ ਖ਼ਲਾਸੀ ਪਾਣ ਦਾ ਰਸਤਾ (ਅਜੇ ਤਕ) ਨਹੀਂ ਸਮਝਿਆ, ਧਨ ਇਕੱਠਾ ਕਰਨ ਲਈ ਤੂੰ ਸਦਾ ਦੌੜ-ਭਜ ਕਰ ਰਿਹਾ ਹੈਂ।
(O man!) You have not yet understood the way to get rid of vices; you are always running around to collect wealth.
(हे मनुष्य!) तुमने अभी तक विकारों से मुक्त होने का उपाय नहीं समझा है; तुम सदैव धन-संचय के लिए दौड़ते रहते हो।

**Page 632**

### ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥

**अंति संग काहू नही दीना बिरथा आपु बंधाइआ ॥१॥**
(ਦੁਨੀਆ ਦੇ ਪਦਾਰਥਾਂ ਵਿਚੋਂ) ਕਿਸੇ ਨੇ ਵੀ ਆਖ਼ਰ ਕਿਸੇ ਦਾ ਸਾਥ ਨਹੀਂ ਦਿੱਤਾ। ਤੂੰ ਵਿਅਰਥ ਹੀ ਆਪਣੇ ਆਪ ਨੂੰ (ਮਾਇਆ ਦੇ ਮੋਹ ਵਿਚ) ਜਕੜ ਰੱਖਿਆ ਹੈ ॥੧॥
None of the things in the world ultimately stand by anyone. You have needlessly tied yourself up (in Maya, worldly entanglements). ||1||
(संसार की वस्तुओं में) किसी ने कभी किसी का साथ नहीं दिया। तूने व्यर्थ ही अपने को (माया के मोह में) बाँध रखा है ॥१॥

**ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥**

**ना हरि भजिओ न गुर जनु सेविओ नह उपजिओ कछु गिआना ॥**

(ਹੇ ਇਨਸਾਨ!) (ਅਜੇ ਤਕ) ਨਾ ਤੂੰ ਪਰਮਾਤਮਾ ਦੀ ਭਗਤੀ ਕੀਤੀ ਹੈ, ਨਾ ਗੁਰੂ ਦੀ ਸ਼ਰਨ ਪਿਆ ਹੈਂ, ਨਾ ਹੀ ਤੇਰੇ ਅੰਦਰ ਆਤਮਕ ਜੀਵਨ ਦੀ ਸੋਝੀ ਪਈ ਹੈ।

O man! (Till now) you have neither remembered God, nor have you followed the Guru, nor have you gained any understanding of spiritual life.

(हे मनुष्य! अभी तक) न तो तुमने भगवान की भक्ति की है, न गुरु की शरण ली है तथा न ही तुम्हारे अन्दर आध्यात्मिक जीवन की समझ स्थापित हुई है।

**ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥**

**घट ही माहि निरंजनु तेरै तै खोजत उदिआना ॥२॥**

ਮਾਇਆ ਤੋਂ ਨਿਰਲੇਪ ਪ੍ਰਭੂ ਤੇਰੇ ਹਿਰਦੇ ਵਿਚ ਵੱਸ ਰਿਹਾ ਹੈ, ਪਰ ਤੂੰ (ਬਾਹਰ) ਜੰਗਲਾਂ ਵਿਚ ਉਸ ਨੂੰ ਭਾਲ ਰਿਹਾ ਹੈਂ ॥੨॥

The immaculate Lord, free from Maya, is residing in your heart, but you are searching for Him in the forests (outside). ||2||

माया से निर्लिप्त (निर्मल) भगवान तुम्हारे हृदय में निवास करते हैं, परन्तु तुम उन्हें बाहर वन में खोज रहे हो ॥२॥

**ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥**

**बहुतु जनम भरमत तै हारिओ असथिर मति नही पाई ॥**

ਅਨੇਕਾਂ ਜਨਮਾਂ ਵਿਚ ਭਟਕ-ਭਟਕ ਕੇ ਤੂੰ (ਮਨੁਖਾ ਜਨਮ ਦੀ ਬਾਜ਼ੀ) ਹਾਰ ਲਈ ਹੈ, ਤੂੰ ਅਜੇਹੀ ਅਕਲ ਨਹੀਂ ਸਿੱਖੀ ਜਿਸ ਦੀ ਬਰਕਤ ਨਾਲ (ਜਨਮਾਂ ਦੇ ਗੇੜ ਵਿਚੋਂ) ਤੈਨੂੰ ਅਡੋਲਤਾ ਹਾਸਲ ਹੋ ਸਕੇ।

Wandering in many births (through transmigration), you have lost (the game of human birth); you have not acquired the wisdom by which you can attain stability (from the cycle of births).

अनेक योनियों में भटकते-भटकते तू (मनुष्य जन्म का युद्ध) हार गया है; तूने वह ज्ञान नहीं सीखा जिसके आशीर्वाद से तू (जन्म-जन्म के चक्र में) दृढ़निश्चयी रह सके।

**ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥**

**मानस देह पाइ पद हरि भजु नानक बात बताई ॥३॥३॥**

ਹੇ ਨਾਨਕ! (ਆਖ ਕਿ ਹੇ ਇਨਸਾਨ! ਗੁਰੂ ਨੇ ਤਾਂ ਇਹ) ਗੱਲ ਸਮਝਾਈ ਹੈ ਕਿ ਮਨੁਖਾ ਜਨਮ ਦਾ (ਉੱਚਾ) ਦਰਜਾ ਹਾਸਲ ਕਰ ਕੇ ਪਰਮਾਤਮਾ ਦਾ ਭਜਨ ਕਰ ॥੩॥੩॥

O Nanak! (Say! that O man! The Guru has explained this) that after having achieved this (high) status of human birth, recite the Name of God! ||3||3||

हे नानक! (कहो, हे मनुष्य! गुरु ने इसका स्पष्टीकरण किया है) कि मनुष्य जन्म की (उच्च) स्थिति प्राप्त करके, प्रभु का भजन करो ॥३॥३॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorath.

राग सोरठ में श्री गुरु तेग बहादुर जी की वाणी।

**ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥**

**मन रे प्रभ की सरनि बिचारो ॥**

ਹੇ ਮਨ! ਪਰਮਾਤਮਾ ਦੀ ਸਰਨ ਪੈ ਕੇ ਉਸ ਦੇ ਨਾਮ ਦਾ ਧਿਆਨ ਧਰਿਆ ਕਰ।
O mind! Take refuge in God and meditate on His Name.
हे मन! भगवान की शरण में जाओ तथा उनके नाम का ध्यान करो।

**ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥**

**जिह सिमरत गनका सी उधरी ता को जसु उर धारो ॥१॥ रहाउ ॥**

ਜਿਸ ਪਰਮਾਤਮਾ ਦਾ ਸਿਮਰਨ ਕਰਦਿਆਂ ਗਨਕਾ (ਵਿਕਾਰਾਂ ਵਿਚ ਡੁੱਬਣ ਤੋਂ) ਬਚ ਗਈ ਸੀ ਤੂੰ ਵੀ, (ਹੇ ਇਨਸਾਨ!) ਉਸ ਦੀ ਸਿਫ਼ਤ-ਸਲਾਹ ਆਪਣੇ ਹਿਰਦੇ ਵਿਚ ਵਸਾਈ ਰੱਖ ॥੧॥ ਠਹਿਰਾਉ ॥
Remembering God Gankaa was saved from (drowning in) vices, (Oh human!) keep His Glory in your heart! ||1|| Pause.||
जिस प्रभु का स्मरण करते हुए गनका (विकारों से) बच कई थी तुम भी उस भगवान की महिमा को अपने हृदय में स्थापित करो! ॥१॥ विराम॥

**ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥**

**अटल भइओ ध्रूअ जा कै सिमरनि अरु निरभै पदु पाइआ ॥**

ਜਿਸ ਪਰਮਾਤਮਾ ਦੇ ਸਿਮਰਨ ਦੀ ਰਾਹੀਂ ਧ੍ਰੂ ਸਦਾ ਲਈ ਅਟਲ ਹੋ ਗਿਆ ਹੈ ਤੇ ਉਸ ਨੇ ਨਿਰਭੈਤਾ ਦਾ ਆਤਮਕ ਦਰਜਾ ਹਾਸਲ ਕਰ ਲਿਆ ਸੀ,
By reciting the Name of God (remembrance Him), Dhruva become eternal forever and attained the spiritual state of fearlessness,
भगवान पर ध्यान लगाने से ध्रुव चिरस्थायी रूप से अटल हो गया तथा निर्भयता की आध्यात्मिक स्थिति प्राप्त कर ली थी।

**ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥**

**दुख हरता इह बिधि को सुआमी तै काहे बिसराइआ ॥१॥**

ਤੂੰ ਉਸ ਪਰਮਾਤਮਾ ਨੂੰ ਕਿਉਂ ਭੁਲਾਇਆ ਹੋਇਆ ਹੈ, ਉਹ ਤਾਂ ਇਸ ਤਰ੍ਹਾਂ ਦਾ ਦੁੱਖਾਂ ਦਾ ਨਾਸ ਕਰਨ ਵਾਲਾ ਹੈ ॥੧॥
Why have you forgotten that Supreme Being, He is the one who destroys all such sufferings. ||1||
तुम यह क्यों भूल गये हो ईश्वर को जो ऐसे कष्टों का नाश करने वाला है। ॥१॥

**ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥**

**जब ही सरनि गही किरपा निधि गज गराह ते छूटा ॥**

ਜਿਸ ਵੇਲੇ ਹੀ (ਗਜ ਨੇ) ਕਿਰਪਾ ਦੇ ਸਮੁੰਦਰ ਪਰਮਾਤਮਾ ਦਾ ਆਸਰਾ ਲਿਆ ਉਹ ਗਜ (ਹਾਥੀ) ਤੰਦੂਏ ਦੀ ਫਾਹੀ ਤੋਂ ਨਿਕਲ ਗਿਆ ਸੀ।
The moment the elephant (Gaj) sought refuge in the Almighty, the ocean of mercy, he escaped from the trap of crocodile.
जब कृपा के सागर भगवान की शरण ली तो वह गज-हाथी तंदुए के जाल से छूट गया था।

**ਮਹਮਾ ਨਾਮ ਕਹਾ ਲਉ ਬਰਨਉ. ਰਾਮ ਕਹਤ ਬੰਧਨ ਤਿਹ ਤੂਟਾ ॥੨॥**

**महमा नाम कहा लउ बरनउ राम कहत बंधन तिह तूटा ॥२॥**

ਮੈਂ ਕਿਥੋਂ ਤਕ ਪਰਮਾਤਮਾ ਦੇ ਨਾਮ ਦੀ ਵਡਿਆਈ ਦੱਸਾਂ? ਪਰਮਾਤਮਾ ਦਾ ਨਾਮ ਉਚਾਰ ਕੇ ਉਸ (ਹਾਥੀ) ਦੇ ਬੰਧਨ ਟੁੱਟ ਗਏ ਸਨ ॥੨॥
To what extent should I describe the greatness of the Name of God? As soon as the Name of God was uttered, the shackles (of that elephant) were broken.

भगवान के नाम की महिमा का बखान कहाँ तक करूँ? भगवान का नाम जपने से उस (हाथी) के बंधन टूट गये ॥२॥

**ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥**

**अजामलु पापी जगु जाने निमख माहि निसतारा ॥**

ਸਾਰਾ ਜਗਤ ਜਾਣਦਾ ਹੈ ਕਿ ਅਜਾਮਲ ਵਿਕਾਰੀ ਸੀ (ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਕੇ) ਅੱਖ ਦੇ ਝਮਕਣ ਜਿਤਨੇ ਸਮੇ ਵਿਚ ਹੀ ਉਸ ਦਾ ਪਾਰ-ਉਤਾਰਾ ਹੋ ਗਿਆ ਸੀ।

The entire world knows that Ajamal was full of vices and (by remembering the Name of God) he was liberated from all vices in the blink of an eye.

सारा संसार जानता है कि अजामल दुष्ट था लेकिन (प्रभु-नाम का स्मरण करके) पलक झपकते ही उसका मोक्ष हो गया था।

**ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥**

**नानक कहत चेत चिंतामनि तै भी उतरहि पारा ॥३॥४॥**

ਨਾਨਕ ਆਖਦਾ ਹੈ ਕਿ (ਹੇ ਇਨਸਾਨ! ਤੂੰ) ਸਾਰੀਆਂ ਚਿਤਵਣੀਆਂ ਪੂਰੀਆਂ ਕਰਨ ਵਾਲੇ ਪਰਮਾਤਮਾ ਦਾ ਨਾਮ ਸਿਮਰਿਆ ਕਰ। ਤੂੰ ਵੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਏਂਗਾ ॥੩॥੪॥

Nanak says that (O man! You) keep remembering the Name of God who fulfills all desires. You too will cross over (the world-ocean). ||3||4||

नानक कहते हैं, (हे मनुष्य! तुम) उस प्रभु के नाम का ध्यान करो, जो सभी इच्छाओं को पूरा करता है। तुम भी (संसार सागर) से पार हो जाओगे ॥३॥४॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorath.

राग सोरठ में श्री गुरु तेग बहादुर जी की वाणी।

**ਪ੍ਰਾਨੀ ਕਉਨੁ ਉਪਾਉ ਕਰੈ ॥**

**प्रानी कउनु उपाउ करै ॥**

(ਹੇ ਇਨਸਾਨ! ਦੱਸ,) ਮਨੁੱਖ ਉਹ ਕੇਹੜਾ ਹੀਲਾ ਕਰੇ,

(O man! Tell me) what solution should a man adopt,

(हे मनुष्य! बताओ तो) आदमी क्या चाल चले,

**ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥**

**जा ते भगति राम की पावै जम को त्रासु हरै ॥१॥ रहाउ ॥**

ਜਿਸ ਨਾਲ ਪਰਮਾਤਮਾ ਦੀ ਭਗਤੀ ਪ੍ਰਾਪਤ ਕਰ ਸਕੇ; ਅਤੇ ਜਮ ਦਾ ਡਰ ਦੂਰ ਕਰ ਸਕੇ ॥੧॥ ਠਹਿਰਾਉ ॥

So that he can attain devotion to God and can remove the fear of Yama. ||1|| Pause.||

जिससे भगवान की भक्ति प्राप्त हो सके तथा यम का भय दूर हो सके ॥१॥ विराम॥

**ਕਉਨੁ ਕਰਮ ਬਿਦਿਆ ਕਹੁ ਕੈਸੀ. ਧਰਮੁ ਕਉਨੁ ਫੁਨਿ ਕਰਈ ॥**

**कउनु करम बिदिआ कहु कैसी धरमु कउनु फुनि करई ॥**

(ਹੇ ਇਨਸਾਨ!) ਦੱਸ, ਉਹ ਕੇਹੜੇ (ਧਾਰਮਿਕ) ਕਰਮ ਹਨ, ਉਹ ਕਿਹੋ ਜਿਹੀ ਵਿੱਦਿਆ ਹੈ, ਉਹ ਕੇਹੜਾ ਧਰਮ ਹੈ (ਜੇਹੜਾ ਮਨੁੱਖ) ਕਰੇ;

(O man!) Tell me, what are those (religious) deeds, what is that knowledge, what is that religion (which man) should adopt;
(हे मनुष्य!) मुझे बताइए, वे कौन से धार्मिक कर्म हैं, वह कैसा ज्ञान है, वह कौन सा धर्म है, (जिसका आचरण मनुष्य को करना चाहिए)?

**ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥**
**कउनु नामु गुर जा कै सिमरै भव सागर कउ तरई ॥१॥**
ਉਹ ਕੇਹੜਾ ਗੁਰੂ ਦਾ (ਦੱਸਿਆ) ਨਾਮ ਹੈ ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕਦਾ ਹੈ ॥੧॥
Which is that Name (given) by the Guru, by remembering which a man can cross the world-ocean (be free of vices)? ||1||
गुरु का बताया हुआ वह प्रभु-नाम क्या है जिसका ध्यान करने से मनुष्य संसार सागर से पार हो सकता है? ॥१॥

**ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥**
**कल मै एकु नामु किरपा निधि जाहि जपै गति पावै ॥**
ਕਿਰਪਾ ਦੇ ਖ਼ਜ਼ਾਨੇ ਪਰਮਾਤਮਾ ਦਾ ਨਾਮ ਹੀ ਜਗਤ ਵਿਚ ਹੈ ਜਿਸ ਨੂੰ (ਜੇਹੜਾ ਮਨੁੱਖ) ਜਪਦਾ ਹੈ (ਉਹ) ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ।
In this world, only the Name of God is the treasure of grace and whoever recites it, attains a high spiritual state.
(अरे मनुष्य!) संसार में कृपा का एकमात्र खजाना भगवान का नाम है, जिसका जाप करने से (व्यक्ति) उच्च आध्यात्मिक अवस्था को प्राप्त करता है।

**ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥**
**अउर धरम ता कै सम नाहनि इह बिधि बेदु बतावै ॥२॥**
ਹੋਰ ਕਿਸੇ ਤਰ੍ਹਾਂ ਦੇ ਵੀ ਕੋਈ ਕਰਮ ਉਸ (ਨਾਮ) ਦੇ ਬਰਾਬਰ ਨਹੀਂ ਹਨ-ਬੇਦ (ਵੀ) ਇਹ ਜੁਗਤਿ ਦੱਸਦਾ ਹੈ ॥੨॥
And no other path of any kind is equal to that (of Name); the Vedas (also) tell this method. ||2||
अन्य कोई भी कर्म उस (नाम) के समान नहीं है, वेद भी इस सत्य को कहते हैं ॥२॥

**ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥**
**सुखु दुखु रहत सदा निरलेपी जा कउ कहत गुसाई ॥**
ਜਿਸ ਨੂੰ (ਜਗਤ) ਧਰਤੀ ਦਾ ਖਸਮ ਆਖਦਾ ਹੈ ਉਹ ਸੁਖਾਂ ਦੁੱਖਾਂ ਤੋਂ ਵੱਖਰਾ ਰਹਿੰਦਾ ਹੈ, ਉਹ ਸਦਾ (ਮਾਇਆ ਤੋਂ) ਨਿਰਲੇਪ ਰਹਿੰਦਾ ਹੈ।
The one whom (the world) calls the Lord of the Earth, he remains aloof from joy and sorrow and he always remains detached (from Maya).
जिसे (संसार) पृथ्वी का मालिक कहता है, वह सुख-दुःख से पृथक रहता है, वह (माया से) सदा निर्लिप्त रहता है।

**ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥**
**सो तुम ही महि बसै निरंतरि नानक दरपनि निआई ॥३॥५॥**
ਹੇ ਨਾਨਕ! (ਆਖ ਕਿ ਉਹ ਤੇਰੇ ਅੰਦਰ ਵੀ ਇਕ-ਰਸ ਵੱਸ ਰਿਹਾ ਹੈ, ਜਿਵੇਂ ਸ਼ੀਸ਼ੇ (ਵਿਚ ਅਕਸ ਵੱਸਦਾ ਹੈ। ਉਸ ਦਾ ਸਦਾ ਸਿਮਰਨ ਕਰਨਾ ਚਾਹੀਦਾ ਹੈ) ॥੩॥੫॥
O Nanak! (Say that) He resides within you also, just like a reflection resides in a mirror (He should always be remembered). ||3||5||

हे नानक! (कहो कि वह तुम्हारे भीतर भी निवास कर रहा है, जैसे दर्पण में छवि निवास करती है। (मनुष्य को सदैव उसका ध्यान करना चाहिए।) ॥३॥५॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorat^h.

राग सोरठ में श्री गुरु तेग बहादुर जी की वाणी।

**ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥**

**माई मै किहि बिधि लखउ गुसाई ॥**

ਹੇ ਮਾਂ! ਧਰਤੀ ਦੇ ਖਸਮ-ਪ੍ਰਭੂ ਨੂੰ ਮੈਂ ਕਿਸ ਤਰ੍ਹਾਂ ਪਛਾਣਾਂ?

O Mother! How do I recognize (God) the Lord of this Earth?

हे माता! मैं पृथ्वी के स्वामी को कैसे पहचान सकता हूँ?

**ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥**

**महा मोह अगिआनि तिमरि मो मनु रहिओ उरझाई ॥१॥ रहाउ ॥**

ਮੇਰਾ ਮਨ (ਤਾਂ) ਵੱਡੇ ਮੋਹ ਦੀ ਅ ਗਿਆਨਤਾ ਵਿਚ, ਮੋਹ ਦੇ ਹਨੇਰੇ ਵਿਚ (ਸਦਾ) ਫਸਿਆ ਰਹਿੰਦਾ ॥੧॥ ਠਹਿਰਾਉ ॥

My mind (always) remains trapped in the ignorance and darkness of great attachment. ||1|| Pause.||

मेरा मन (तब) महान आसक्ति के अज्ञान में, आसक्ति के अंधकार में (सदैव) फंसा रहता है ॥१॥ विराम॥

**ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥**

**सगल जनम भरम ही भरम खोइओ नह असथिरु मति पाई ॥**

(ਹੇ ਮਾਂ! ਮੈਂ ਆਪਣਾ) ਸਾਰਾ ਜਨਮ ਭਟਕਣਾ ਵਿਚ ਹੀ ਗਵਾ ਲਿਆ ਹੈ। (ਅਜੇ ਤਕ ਅਜੇਹੀ) ਬੁੱਧੀ ਨਹੀਂ ਹਾਸਲ ਕੀਤੀ (ਜੋ ਮੈਨੂੰ) ਅਡੋਲ ਰੱਖ ਸਕੇ।

(O Mother! I have wasted my whole life in in delusion. I have not yet acquired the wisdom that can keep me steadfast.

हे माता! मैंने अपना सारा जीवन भटकने में ही नष्ट कर दिया है। अभी तक मुझे ऐसी बुद्धि प्राप्त नहीं हुई है, जो मुझे दृढ़निश्चयी रख सके।

**ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥**

**बिखिआसकत रहिओ निस बासुर नह छूटी अधमाई ॥१॥**

ਦਿਨ ਰਾਤ ਮੈਂ ਮਾਇਆ ਵਿਚ ਹੀ ਲੰਪਟ ਰਹਿੰਦਾ ਹਾਂ। ਮੇਰੀ ਇਹ ਨੀਚਤਾ ਮੁੱਕਣ ਵਿਚ ਨਹੀਂ ਆਉਂਦੀ ॥੧॥

Day and night I remain engrossed in sin/evil passions. This wickedness of mine does not end. ||1||

मैं दिन-रात माया में डूबा रहता हूँ। मेरी यह दीनता मिट नहीं सकती ॥१॥

**ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥**

**साधसंगु कबहू नही कीना नह कीरति प्रभ गाई ॥**

(ਹੇ ਮਾਂ!) ਮੈਂ ਕਦੇ ਗੁਰਮੁਖਾਂ ਦੀ ਸੰਗਤ ਨਹੀਂ ਕੀਤੀ, ਮੈਂ ਕਦੇ ਪਰਮਾਤਮਾ ਦੀ ਸਿਫ਼ਤ-ਸਲਾਹ ਦਾ ਗੀਤ ਨਹੀਂ ਗਾਇਆ।

(O Mother!) I never associated with the Gurmukhs (spiritual persons), I never sang songs in praise of God.

(हे माता!) मैं कभी गुरुमुखों की संगत में नहीं रहा, मैंने कभी भगवान की महिमा का गान नहीं किया।

**ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥**
**जन नानक मै नाहि कोऊ गुनु राखि लेहु सरनाई ॥२॥६॥**
ਹੇ ਦਾਸ ਨਾਨਕ! (ਆਖ ਕਿ ਹੇ ਪ੍ਰਭੂ!) ਮੇਰੇ ਅੰਦਰ ਕੋਈ ਗੁਣ ਨਹੀਂ ਹੈ। ਮੈਨੂੰ ਆਪਣੀ ਸ਼ਰਨ ਵਿਚ ਰੱਖ! ॥੨॥੬॥
O Servant Nanak! (Say O Lord!) I have no virtues within me. Please, keep me in your refuge. ||2||6||
हे दास नानक! (कहो, हे प्रभु!) मुझमें कोई गुण नहीं है। मुझे अपनी शरण में रखो! ॥२॥६॥

**ਸੋਰਠਿ ਮਹਲਾ ੯ ॥**
**सोरठि महला ९ ॥**
ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Sorath.
राग सोरठ में श्री गुरु तेग बहादुर जी की वाणी।

**ਮਾਈ ਮਨੁ ਮੇਰੋ ਬਸਿ ਨਾਹਿ ॥**
**माई मनु मेरो बसि नाहि ॥**
ਹੇ ਮਾਂ! ਮੇਰਾ ਮਨ ਮੇਰੇ ਕਾਬੂ ਵਿਚ ਨਹੀਂ।
O mother! My mind is not under my control,
हे माँ! मेरा मन मेरे नियंत्रण में नहीं है।

**ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥**
**निस बासुर बिखिअन कउ धावत किहि बिधि रोकउ ताहि ॥१॥ रहाउ ॥**
ਰਾਤ ਦਿਨ ਪਦਾਰਥਾਂ ਦੀ ਖ਼ਾਤਰ ਦੌੜਦਾ ਫਿਰਦਾ ਹੈ। ਮੈਂ ਇਸ ਨੂੰ ਕਿਸ ਤਰੀਕੇ ਨਾਲ ਰੋਕਾਂ? ॥੧॥ ਠਹਿਰਾਉ ॥
day and night it keeps running around for material things. How can I restrain it? ||1|| Pause.||
वह भौतिक वस्तुओं के लिए दिन-रात भागता रहता है। मैं उसे कैसे रोक सकता हूँ? ॥१॥ विराम॥

**ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥**
**बेद पुरान सिम्रिति के मत सुनि निमख न हीए बसावै ॥**
ਇਹ ਜੀਵ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਦਾ ਉਪਦੇਸ਼ ਸੁਣ ਕੇ (ਵੀ) ਰਤਾ ਭਰ ਸਮੇ ਲਈ ਵੀ (ਉਸ ਉਪਦੇਸ਼ ਨੂੰ ਆਪਣੇ) ਹਿਰਦੇ ਵਿਚ ਨਹੀਂ ਵਸਾਉਂਦਾ।
This being, after listening to the teachings of the Vedas, Puranas and Smritis, does not keep those teachings in heart even for a moment.
यह जीव वेद, पुराण तथा स्मृतियों का उपदेश सुनकर अपने हृदय में कम समय तक भी नहीं रखता।

**ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥**
**पर धन पर दारा सिउ रचिओ बिरथा जनमु सिरावै ॥१॥**
ਪਰਾਏ ਧਨ, ਪਰਾਈ ਇਸਤ੍ਰੀ ਦੇ ਮੋਹ ਵਿਚ ਮਸਤ ਰਹਿੰਦਾ ਹੈ, (ਇਸ ਤਰ੍ਹਾਂ ਆਪਣਾ) ਜਨਮ ਵਿਅਰਥ ਗੁਜ਼ਾਰਦਾ ਹੈ ॥੧॥
He remains engrossed in the attraction for other's wealth and other's wife, (in this way) he wastes his life. ||1||
दूसरे के धन तथा दूसरे की स्त्री के मोह में मदमस्त रहता है, (इस प्रकार) वह अपना जीवन व्यर्थ ही गंवा देता है ॥१॥

**ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥**

**मदि माइआ कै भइओ बावरो सूझत नह कछु गिआना ॥**

ਜੀਵ ਮਾਇਆ ਦੇ ਨਸ਼ੇ ਵਿਚ ਝੱਲਾ ਹੋ ਰਿਹਾ ਹੈ, ਆਤਮਕ ਜੀਵਨ ਬਾਰੇ ਇਸ ਨੂੰ ਕੋਈ ਸੁਝ ਨਹੀਂ ਪੈਂਦੀ।

The being is getting intoxicated with Maya and has no wisdom regarding the spiritual life.

जीव माया के नशे में पागल हो रहा है, उसे आध्यात्मिक जीवन की कोई समझ नहीं है।

**ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥**

**घट ही भीतरि बसत निरंजनु ता को मरमु न जाना ॥२॥**

ਮਾਇਆ ਤੋਂ ਨਿਰਲੇਪ ਪ੍ਰਭੂ ਇਸ ਦੇ ਹਿਰਦੇ ਵਿਚ ਹੀ ਵੱਸਦਾ ਹੈ, ਪਰ ਉਸ ਦਾ ਭੇਦ ਇਹ ਜੀਵ ਨਹੀਂ ਸਮਝਦਾ ॥੨॥

The Lord, detached from Maya, resides in his heart, but this being does not understand His secret. ||2||

माया से विरक्त भगवान उसके हृदय में निवास करते हैं, परन्तु यह प्राणी उनके रहस्य को नहीं समझता ॥२॥

**Page 633**

**ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥**

**जब ही सरनि साध की आइओ दुरमति सगल बिनासी ॥**

ਜਦੋਂ ਜੀਵ ਗੁਰੂ ਦੀ ਸ਼ਰਨ ਪੈਂਦਾ ਹੈ, ਤਦੋਂ ਇਸ ਦੀ ਸਾਰੀ ਨਾਕਾਮ ਬੁੱਧੀ ਨਾਸ ਹੋ ਜਾਂਦੀ ਹੈ।

When a person takes refuge in Guru, then all his useless intellect gets destroyed,

जब जीव गुरु की शरण में जाता है तो उसकी सारी नष्ट बुद्धि नष्ट हो जाती है।

**ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥**

**तब नानक चेतिओ चिंतामनि काटी जम की फासी ॥३॥७॥**

ਤਦੋਂ, ਹੇ ਨਾਨਕ! ਇਹ ਸਾਰੀਆਂ ਮਨੋ-ਕਾਮਨਾ ਪੁਰੀਆਂ ਕਰਨ ਵਾਲੇ ਪਰਮਾਤਮਾ ਨੂੰ ਸਿਮਰਦਾ ਹੈ; ਤੇ, ਇਸ ਦੀ ਜਮ ਦੀ ਫਾਹੀ (ਵੀ) ਕੱਟੀ ਜਾਂਦੀ ਹੈ ॥੩॥੭॥

then, O Nanak! he remembers God who fulfills all the desires of the mind; and his noose of Yama (the messenger of death) is also severed. ||3||7||

तब हे नानक! वह सम्पूर्ण कामनाओं को पूर्ण करने वाले प्रभु का स्मरण करता है तथा उसके बंधन का फंदा कट जाता है ॥३॥७॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorat$^{h}$.

राग सोरठ में श्री गुरु तेग बहादुर जी की वाणी।

**ਰੇ ਨਰ ਇਹ ਸਾਚੀ ਜੀਅ ਧਾਰਿ ॥**

**रे नर इह साची जीअ धारि ॥**

ਹੇ ਮਨੁੱਖ! ਆਪਣੇ ਦਿਲ ਵਿਚ ਇਹ ਪੱਕੀ ਗੱਲ ਟਿਕਾ ਲੈ,

O man! Keep this firmly in your heart,

हे मानव! इस सत्य को अपने हृदय में दृढ़ कर,

**ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ ਰਹਾਉ ॥**

**सगल जगतु है जैसे सुपना बिनसत लगत न बार ॥१॥ रहाउ ॥**

(ਕਿ) ਸਾਰਾ ਸੰਸਾਰ ਸੁਪਨੇ ਵਰਗਾ ਹੈ, (ਇਸ ਦੇ) ਨਾਸ ਹੁੰਦਿਆਂ ਚਿਰ ਨਹੀਂ ਲੱਗਦਾ ॥੧॥ ਠਹਿਰਾਉ ॥

(that) the entire world is like a dream, (it) does not take much time for it to perish. ||1|| Pause.||

(वह) सम्पूर्ण जगत स्वप्न के समान है, (उसका) नाश होने में देर नहीं लगती ॥१॥ विराम॥

**ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥**

**बारू भीति बनाई रचि पचि रहत नही दिन चारि ॥**

(ਜਿਵੇਂ ਕਿਸੇ ਨੇ) ਰੇਤ ਦੀ ਕੰਧ ਉਸਾਰ ਕੇ ਪੋਚ ਕੇ ਤਿਆਰ ਕੀਤੀ ਹੋਵੇ; ਪਰ ਉਹ ਕੰਧ ਚਾਰ ਦਿਨ ਵੀ (ਟਿਕੀ) ਨਹੀਂ ਰਹਿੰਦੀ।

(If) a wall is made of sand and then coated with plaster, but then that wall does not last even for (few) four days;

(अरे मनुष्य!) (यह तो ऐसा है जैसे किसी ने रेत की दीवार बनाकर ऊपर में लेप लगा करके तैयार कर दी हो; परन्तु वह दीवार चार दिन भी नहीं टिकती।)

**ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥**

**तैसे ही इह सुख माइआ के उरझिओ कहा गवार ॥१॥**

ਇਸ ਮਾਇਆ ਦੇ ਸੁਖ ਵੀ ਉਸ (ਰੇਤ ਦੀ ਕੰਧ) ਵਰਗੇ ਹੀ ਹਨ। ਹੇ ਮੂਰਖ! ਤੂੰ ਇਹਨਾਂ ਸੁਖਾਂ ਵਿਚ ਕਿਉਂ ਮਸਤ ਹੋ ਰਿਹਾ ਹੈਂ? ॥੧॥

Similarly, the pleasures of this Maya (worldly pleasures) are also like that (wall of sand). Oh fool! Why are you getting absorbed in these pleasures? ||1||

इस माया के सुख भी उसी (रेत की दीवार) के समान हैं। हे मूर्ख! तू इन सुखों में क्यों मदमस्त है? ॥१॥

**ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥**

**अजहू समझि कछु बिगरिओ नाहिनि भजि ले नामु मुरारि ॥**

ਅਜੇ ਵੀ ਸਮਝ ਜਾ (ਅਜੇ) ਕੁਝ ਵਿਗੜਿਆ ਨਹੀਂ; ਤੇ ਪਰਮਾਤਮਾ ਦਾ ਨਾਮ ਸਿਮਰਿਆ ਕਰ।

Understand that even now nothing has gone wrong; recite the Name of God!

समझ लो कि अभी कुछ भी बिगड़ा नहीं है; तथा भगवान का नाम स्मरण करो।

**ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥੨॥੮॥**

**कहु नानक निज मतु साधन कउ भाखिओ तोहि पुकारि ॥२॥८॥**

ਨਾਨਕ ਆਖਦਾ ਹੈ ਕਿ (ਹੇ ਇਨਸਾਨ!) ਮੈਂ ਤੈਨੂੰ ਗੁਰਮੁਖਾਂ ਦਾ ਇਹ ਨਿਜੀ ਖਿਆਲ ਪੁਕਾਰ ਕੇ ਸੁਣਾ ਰਿਹਾ ਹਾਂ ॥੨॥੮॥

Nanak says that (O man!) I am telling you loudly this special thought of the saintly persons. ||2||8||

नानक कहते हैं, (हे मनुष्य!) मैं गुरुमुखों के इस निजी विचार को तुम्हारे समक्ष कह रहा हूँ ॥२॥८॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorath.

राग सोरठ में श्री गुरु तेग बहादुर जी की वाणी।

**ਇਹ ਜਗਿ ਮੀਤੁ ਨ ਦੇਖਿਓ ਕੋਈ ॥**

**इह जगि मीतु न देखिओ कोई ॥**

(ਹੇ ਇਨਸਾਨ!) ਇਸ ਜਗਤ ਵਿਚ ਕੋਈ (ਤੋੜ ਸਾਥ ਨਿਬਾਹੁਣ ਵਾਲਾ) ਮਿੱਤਰ (ਮੈਂ) ਨਹੀਂ ਵੇਖਿਆ।
(O man!) I have not seen any friend (who will stay with me till the end) in this world.
(हे मनुष्य!) मैंने इस संसार में कोई ऐसा मित्र नहीं देखा (जो अखीर तक साथ निभाने वाला हो)।

**ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥੧॥ ਰਹਾਉ ॥**
**सगल जगतु अपनै सुखि लागिओ दुख मै संगि न होई ॥१॥ रहाउ ॥**
ਸਾਰਾ ਸੰਸਾਰ ਆਪਣੇ ਸੁਖ ਵਿਚ ਹੀ ਜੁਟਾ ਪਿਆ ਹੈ। ਦੁੱਖ ਵਿਚ (ਕੋਈ ਕਿਸੇ ਦੇ) ਨਾਲ (ਸਾਥੀ) ਨਹੀਂ ਬਣਦਾ ॥੧॥ ਠਹਿਰਾਉ ॥
The whole world is busy in its own happiness. No one becomes a companion in sorrow. ||1|| Pause.||
अपने ही सुख में मग्न है सारा संसार, दुःख में कोई साथी नहीं बनता ॥१॥ विराम॥

**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
**दारा मीत पूत सनबंधी सगरे धन सिउ लागे ॥**
ਇਸਤ੍ਰੀ, ਮਿੱਤਰ, ਪੁੱਤਰ, ਰਿਸ਼ਤੇਦਾਰ-ਇਹ ਸਾਰੇ ਧਨ ਨਾਲ (ਹੀ) ਪਿਆਰ ਕਰਦੇ ਹਨ।
Wife, friend, son, relative, they all love money.
स्त्री, मित्र, पुत्र, सम्बन्धी - ये सभी धन से प्रेम करते हैं।

**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥**
**जब ही निरधन देखिओ नर कउ संगु छाडि सभ भागे ॥१॥**
ਜਦੋਂ ਹੀ ਇਹਨਾਂ ਨੇ ਮਨੁੱਖ ਨੂੰ ਕੰਗਾਲ ਵੇਖਿਆ, (ਤਦੋਂ) ਸਾਥ ਛੱਡ ਕੇ ਨੱਸ ਜਾਂਦੇ ਹਨ ॥੧॥
Whenever they see a man in poverty, they abandon him and go away. ||1||
जैसे ही वे किसी व्यक्ति को गरीबी में देखते हैं, वे उसे छोड़कर भाग जाते हैं ॥१॥

**ਕਹਂਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥**
**कहंउ कहा यिआ मन बउरे कउ इन सिउ नेहु लगाइओ ॥**
ਮੈਂ ਇਸ ਝੱਲੇ ਮਨ ਨੂੰ ਕੀਹ ਸਮਝਾਵਾਂ? (ਇਸ ਨੇ) ਇਹਨਾਂ (ਕੱਚੇ ਸਾਥੀਆਂ) ਨਾਲ ਪਿਆਰ ਪਾਇਆ ਹੋਇਆ ਹੈ।
What should I explain to this foolish mind? It has found love with these (fair companions).
इस मूर्ख मन को क्या समझाऊँ? (इसने) इन (कच्चे साथियों) से प्रेम कर लिया है।

**ਦੀਨਾ ਨਾਥ ਸਗਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥੨॥**
**दीना नाथ सकल भै भंजन जसु ता को बिसराइओ ॥२॥**
(ਜੇਹੜਾ ਪਰਮਾਤਮਾ) ਗਰੀਬਾਂ ਦਾ ਰਾਖਾ ਤੇ ਸਾਰੇ ਡਰ ਨਾਸ ਕਰਨ ਵਾਲਾ ਹੈ ਉਸ ਦੀ ਮਹਿਮਾ (ਇਸ ਨੇ) ਭੁਲਾਈ ਹੋਈ ਹੈ ॥੨॥
He has forgotten the praise and glorification of God who is the protector of the poor and the destroyer of all fears. ||2||
वह उस ईश्वर की महिमा को भूल गया है जो दीनों का रक्षक है तथा समस्त भय का नाश करने वाला है ॥२॥

**ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥**
**सुआन पूछ जिउ भइओ न सूधउ बहुतु जतनु मै कीनउ ॥**
ਜਿਵੇਂ ਕੁੱਤੇ ਦੀ ਪੂਛਲ ਸਿੱਧੀ ਨਹੀਂ ਹੁੰਦੀ (ਇਸੇ ਤਰ੍ਹਾਂ ਇਸ ਮਨ ਦੀ ਪਰਮਾਤਮਾ ਦੀ ਯਾਦ ਵੱਲੋਂ ਲਾ-ਪਰਵਾਹੀ ਹਟਦੀ ਨਹੀਂ) ਮੈਂ ਬਹੁਤ ਜਤਨ ਕੀਤਾ ਹੈ।
O man! Just as a dog's tail cannot be straightened (in the same way this mind's negligence in remembering God cannot be removed) I have tried very hard.

जैसे कुत्ते की दुम सीधी नहीं होती (उसी प्रकार इस मन की भगवान के स्मरण से उदासीनता दूर नहीं होती), मैंने बहुत प्रयत्न किया है।

### ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ ॥੩॥੯॥

**नानक लाज बिरद की राखहु नामु तुहारउ लीनउ ॥३॥९॥**

ਹੇ ਨਾਨਕ! (ਆਖ ਕਿ ਹੇ ਪ੍ਰਭੂ! ਆਪਣੇ) ਮੁੱਢ-ਕਦੀਮਾਂ ਦੇ (ਪਿਆਰ ਵਾਲੇ) ਸੁਭਾਅ ਦੀ ਲਾਜ ਰੱਖ (ਮੇਰੀ ਮਦਦ ਕਰ, ਤਾਂ ਹੀ) ਮੈਂ ਤੇਰਾ ਨਾਮ ਜਪ ਸਕਦਾ ਹਾਂ ॥੩॥੯॥

O Nanak! (Say: O Lord!) Please keep the honor of your innate nature (and help me) so that I may chant Your Name. ||3||9||

हे नानक! (कह कि हे भगवान!) मूल वाले (प्रेमपूर्ण) स्वभाव का ध्यान करो (मेरी सहायता करो, तभी) मैं आपका नाम जप सकूँगा ॥३॥९॥

### ਸੋਰਠਿ ਮਹਲਾ ੯ ॥

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorath.

राग सोरठ में श्री गुरु तेग बहादुर जी की वाणी।

### ਮਨ ਰੇ ਗਹਿਓ ਨ ਗੁਰ ਉਪਦੇਸੁ ॥

**मन रे गहिओ न गुर उपदेसु ॥**

ਹੇ ਮਨ! ਤੂੰ ਗੁਰੂ ਦੀ ਸਿੱਖਿਆ ਗ੍ਰਹਿਣ ਨਹੀਂ ਕਰਦਾ।

O mind! You do not accept the teachings of the Guru.

हे मन, तू गुरु की शिक्षा को स्वीकार नहीं करता।

### ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥

**कहा भइओ जउ मूडु मुडाइओ भगवउ कीनो भेसु ॥१॥ रहाउ ॥**

(ਹੇ ਇਨਸਾਨ! ਗੁਰੂ ਦਾ ਉਪਦੇਸ਼ ਭੁਲਾ ਕੇ) ਜੇ ਸਿਰ ਵੀ ਮੁਨ ਲਿਆ ਤੇ ਭਗਵੇ ਰੰਗ ਦੇ ਕੱਪੜੇ ਵੀ ਪਾ ਲਏ, ਤਾਂ ਵੀ ਕੀਹ ਬਣਿਆ? (ਆਤਮਕ ਜੀਵਨ ਦਾ ਕੁਝ ਵੀ ਨਾ ਸੌਰਿਆ) ॥੧॥ ਠਹਿਰਾਉ ॥

(O man! forgetting the teachings of the Guru) even if you shave your head and wear saffron colored clothes, what have you gained? (There is no benefit of these in spiritual life). ||1|| Pause.||

(अरे मनुष्य! गुरु की शिक्षा भूलकर, बेशक ही सिर मुंडा लो) पर यदि तुम भगवा वस्त्र भी पहनोगे तो तुम्हारा क्या बना? (तुम्हें आध्यात्मिक जीवन में कुछ भी प्राप्त नहीं होआ।) ॥१॥ विराम॥

### ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥

**साच छाडि कै झूठह लागिओ जनमु अकारथु खोइओ ॥**

(ਹੇ ਇਨਸਾਨ! ਭਗਵਾ ਭੇਖ ਤਾਂ ਧਾਰ ਲਿਆ, ਪਰ) ਸਦਾ-ਥਿਰ ਪ੍ਰਭੂ ਦਾ ਨਾਮ ਛੱਡ ਕੇ ਨਾਸਵੰਦ ਪਦਾਰਥਾਂ ਵਿਚ ਹੀ ਸੁਰਤ ਜੋੜੀ ਰੱਖੀ।

(Oh man! You have donned the saffron garb, but) abandoning the Name of the ever-stable Lord, you have attached your intellect to perishable things.

(हे मनुष्य! तुमने भगवा वस्त्र तो धारण कर लिया है, परन्तु) तुमने भगवान के सदैव रहने वाला नाम को त्याग दिया है तथा अपना मन नाशवान वस्तुओं में लगा रखा है।

**ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥**

**करि परपंच उदर निज पोखिओ पसु की निआई सोइओ ॥१॥**

(ਲੋਕਾਂ ਨਾਲ) ਛਲ ਕਰ ਕੇ ਆਪਣਾ ਪੇਟ ਪਾਲਦਾ ਰਿਹਾ, ਤੇ, ਪਸ਼ੂਆਂ ਵਾਂਗ ਸੁੱਤਾ ਰਿਹਾ ॥੧॥

You have continued to feed yourself by practicing falsehood and sleep like an animal. ||1||

(लोगों को) धोखा देकर अपना पेट भरता रहा, तथा जानवरों की तरह सोता रहा ॥१॥

**ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥**

**राम भजन की गति नही जानी माइआ हाथि बिकाना ॥**

(ਹੇ ਗਾਫ਼ਲ ਮਨੁੱਖ) ਪਰਮਾਤਮਾ ਦੇ ਭਜਨ ਦੀ ਜੁਗਤਿ ਨਹੀਂ ਸਮਝਦਾ, ਮਾਇਆ ਦੇ ਹੱਥ ਵਿਚ ਵਿਕਿਆ ਰਹਿੰਦਾ ਹੈ।

(O careless man!) you do not understand the value of reciting God's Name and you keep getting sold (trapped) in the hands of Maya.

(हे गाफिल मनुष्य) भगवान की स्तुति करने की बुद्धि को नहीं समझता तथा माया के हाथों बिका रहता है।

**ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥**

**उरझि रहिओ बिखिअन संगि बउरा नामु रतनु बिसराना ॥२॥**

ਕਮਲਾ ਮਨੁੱਖ ਮਾਇਕ ਪਦਾਰਥਾਂ (ਦੇ ਮੋਹ) ਵਿਚ ਮਗਨ ਰਹਿੰਦਾ ਹੈ, ਤੇ, ਪ੍ਰਭੂ ਦੇ (ਸ੍ਰੇਸ਼ਟ) ਰਤਨ-ਨਾਮ ਨੂੰ ਭੁਲਾਈ ਰੱਖਦਾ ਹੈ ॥੨॥

The mad man remains engrossed in worldly things and forgets the (supreme) Name of the Lord. ||2||

मूर्ख मनुष्य भौतिक पदार्थों की आसक्ति में ही उलझा रहता है तथा भगवान के उत्तम रत्न-नाम को भूल जाता है ॥२॥

**ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥**

**रहिओ अचेतु न चेतिओ गोबिंद बिरथा अउध सिरानी ॥**

(ਮਨੁੱਖ ਮਾਇਆ ਵਿਚ ਫਸ ਕੇ) ਅਵੇਸਲਾ ਹੋਇਆ ਰਹਿੰਦਾ ਹੈ, ਪਰਮਾਤਮਾ ਨੂੰ ਯਾਦ ਨਹੀਂ ਕਰਦਾ, ਸਾਰੀ ਉਮਰ ਵਿਅਰਥ ਗੁਜ਼ਾਰ ਲੈਂਦਾ ਹੈ।

(Being entangled in Maya), man remains careless, does not remember God and wastes his entire life.

(माया में फंसा हुआ मनुष्य) असावधान रहता है, भगवान को याद नहीं करता तथा अपना पूरा जीवन व्यर्थ ही बिता देता है।

**ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥੩॥੧੦॥**

**कहु नानक हरि बिरदु पछानउ भूले सदा परानी ॥३॥१०॥**

ਨਾਨਕ ਆਖਦਾ ਹੈ ਕਿ ਹੇ ਹਰੀ! ਤੂੰ ਆਪਣੇ ਮੁੱਢ-ਕਦੀਮਾਂ ਦੇ (ਪਿਆਰ ਵਾਲੇ) ਸੁਭਾਅ ਨੂੰ ਚੇਤੇ ਰੱਖ। ਇਹ ਜੀਵ ਤਾਂ ਸਦਾ ਭੁੱਲੇ ਹੀ ਰਹਿੰਦੇ ਹਨ ॥੩॥੧੦॥

Nanak says, O God! Keep your innate (loving) nature in mind. These creatures always remain forgetting. ||3||10||

नानक कहता है कि हे हरि अपने मूल के (प्रेमपूर्ण) स्वभाव को याद करो। ये प्राणी तो सदैव भुलक्कड़ रहते हैं ॥३॥१०॥

**ਸੋਰਠਿ ਮਹਲਾ ੯ ॥**

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorath.

राग सोरठ में श्री गुरु तेग बहादुर जी की वाणी।

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**

**जो नरु दुख मै दुखु नही मानै ॥**

(ਹੇ ਇਨਸਾਨ!) ਜੇਹੜਾ ਮਨੁੱਖ ਦੁੱਖਾਂ ਵਿਚ ਘਬਰਾਉਂਦਾ ਨਹੀਂ,

(O man!) The man who does not panic in sorrow,

(हे मनुष्य!) जो मनुष्य दुःख में भी नहीं डरता,

**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥**

**सुख सनेहु अरु भै नही जा कै कंचन माटी मानै ॥१॥ रहाउ ॥**

ਜਿਸ ਮਨੁੱਖ ਦੇ ਹਿਰਦੇ ਵਿਚ ਸੁਖਾਂ ਨਾਲ ਮੋਹ ਨਹੀਂ, ਅਤੇ (ਕਿਸੇ ਕਿਸਮ ਦੇ) ਡਰ ਨਹੀਂ, ਜੇਹੜਾ ਮਨੁੱਖ ਸੋਨੇ ਨੂੰ ਮਿੱਟੀ (ਸਮਾਨ) ਸਮਝਦਾ ਹੈ (ਉਸ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ) ॥੧॥ ਠਹਿਰਾਉ ॥

has no attachment towards pleasures, has no fear (of any kind) and considers gold equal to clay (the God takes residence in his mind). ||1|| Pause.||

जिस मनुष्य का हृदय भोगों की आसक्ति से रहित है, तथा (किसी भी प्रकार के) भय से मुक्त है, जो मनुष्य सोने को धूल के समान समझता है, (उस के अंदर भगवान का निवास हो जाता है) ॥१॥ विराम॥

**ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥**

**नह निंदिआ नह उसतति जा कै लोभु मोहु अभिमाना ॥**

ਜਿਸ ਮਨੁੱਖ ਦੇ ਅੰਦਰ ਕਿਸੇ ਦੀ ਚੁਗਲੀ-ਬੁਰਾਈ ਜਾਂ ਖ਼ੁਸ਼ਾਮਦ ਦੀ ਆਦਤ ਨਹੀਂ, ਜਿਸ ਦੇ ਅੰਦਰ ਨਾ ਲੋਭ ਹੈ, ਨਾ ਮੋਹ ਹੈ, ਨਾ ਅਹੰਕਾਰ ਹੈ;

The one who does not slander or badmouth anyone, who does not flatter anyone, who has no greed, no attachment and no ego;

जिस व्यक्ति में किसी की बुरी चुगली या खुशामद की आदत नहीं है, जिसमें लोभ नहीं है, मोह नहीं है, अहंकार नहीं है;

**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥**

**हरख सोग ते रहै निआरउ नाहि मान अपमाना ॥१॥**

ਜੇਹੜਾ ਮਨੁੱਖ ਖ਼ੁਸ਼ੀ ਤੇ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, ਜਿਸ ਨੂੰ ਨਾ ਆਦਰ ਪੋਹ ਸਕਦਾ ਹੈ ਨਾ ਨਿਰਾਦਰੀ (ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ) ॥੧॥

and he remains unaffected by happiness and sorrow and is not affected by respect nor insult (God resides in that person's heart). ||1||

जो मनुष्य सुख-दुःख से विरक्त रहता है, जिस पर उस के सम्मान या अपमान का कोई असर नहीं होता (ईश्वर उस मनुष्य के हृदय में निवास करता है) ॥१॥

**ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥**

**आसा मनसा सगल तिआगै जग ते रहै निरासा ॥**

ਜੇਹੜਾ ਮਨੁੱਖ ਆਸਾਂ ਉਮੀਦਾਂ ਸਭ ਤਿਆਗ ਦਿੰਦਾ ਹੈ, ਜਗਤ ਤੋਂ ਨਿਰਮੋਹੀ ਰਹਿੰਦਾ ਹੈ,

The person who abandons all hopes and expectations and remains detached from the world,

जो मनुष्य समस्त आशाओं तथा अपेक्षाओं को त्यागकर संसार से विरक्त रहता है,

**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥**

**कामु क्रोधु जिह परसै नाहनि तिह घटि ब्रहमु निवासा ॥२॥**

ਜਿਸ ਮਨੁੱਖ ਨੂੰ ਨਾ ਕਾਮ-ਵਾਸਨਾ ਛੋਹ ਸਕਦੀ ਹੈ ਨਾ ਕ੍ਰੋਧ ਛੋਹ ਸਕਦਾ ਹੈ, ਉਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ॥੨॥

and his heart cannot be touched either by lust or anger, the realization of God resides within him. ||2||

जिस व्यक्ति को न तो काम छू सकता है तथा न ही क्रोध, भगवान उसके हृदय में निवास करते हैं ॥२॥

## ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥

**गुर किरपा जिह नर कउ कीनी तिह इह जुगति पछानी ॥**

(ਪਰ) ਜਿਸ ਮਨੁੱਖ ਉੱਤੇ ਗੁਰੂ ਨੇ ਮੇਹਰ ਕੀਤੀ ਉਸ ਨੇ (ਹੀ ਜੀਵਨ ਦੀ) ਇਹ ਜਾਚ ਸਮਝੀ ਹੈ।

(But) only the man on whom the Guru has showered his blessings has understood this way (of life),

(परन्तु) जिस व्यक्ति पर गुरु ने कृपा कर दी है, वह इस (जीवन की) परीक्षा को समझ गया है।

## ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥

**नानक लीन भइओ गोबिंद सिउ जिउ पानी संगि पानी ॥३॥११॥**

ਹੇ ਨਾਨਕ! (ਆਖ ਕਿ) ਉਹ ਮਨੁੱਖ ਪਰਮਾਤਮਾ ਨਾਲ ਇਉਂ ਇਕ-ਮਿਕ ਹੋ ਜਾਂਦਾ ਹੈ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ ॥੩॥੧੧॥

O Nanak! (say) that (such a) person becomes one with God in the same way as water mixes with water. ||33||34||

हे नानक! कहो कि जैसे जल, जल के साथ एक हो जाता है, वैसे ही मनुष्य भी परमात्मा के साथ एक हो जाता है ॥३॥११॥

**Page 634**

## ਸੋਰਠਿ ਮਹਲਾ ੯ ॥

**सोरठि महला ९ ॥**

ਰਾਗ ਸੋਰਠ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Sorat$^{h}$.&&

राग गउड़ी में श्री गुरु तेग बहादुर जी की वाणी।

## ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥

**प्रीतम जानि लेहु मन माही ॥**

ਹੇ ਮਿੱਤਰ! (ਆਪਣੇ) ਮਨ ਵਿਚ (ਇਹ ਗੱਲ) ਪੱਕੀ ਕਰ ਕੇ ਸਮਝ ਲੈ

O friend! Understand this firmly in your mind,

हे मित्र! इसे अपने मन में दृढ़ करो तथा समझो कि

## ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥

**अपने सुख सिउ ही जगु फांधिओ को काहू को नाही ॥१॥ रहाउ ॥**

(ਕਿ) ਸਾਰਾ ਸੰਸਾਰ ਆਪਣੇ ਸੁਖ ਨਾਲ ਹੀ ਬੱਝਾ ਹੋਇਆ ਹੈ। ਕੋਈ ਵੀ ਕਿਸੇ ਦਾ (ਤੋੜ ਨਿਭਣ ਵਾਲਾ ਸਾਥੀ) ਨਹੀਂ (ਬਣਦਾ) ॥੧॥ ਠਹਿਰਾਉ ॥

that the whole world is tied up with one’s own happiness and no one is anyone’s real partner (till the end). ||1|| Pause.||

(यह) सारा जगत अपने ही सुख में बंधा हुआ है। कोई किसी का दूर का संगी नहीं (बनता) ॥१॥ विराम॥

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥**

**सुख मै आनि बहुतु मिलि बैठत रहत चहू दिसि घेरै ॥**

ਹੇ ਮਿੱਤਰ! (ਜਦੋਂ ਮਨੁੱਖ)! ਸੁਖ ਵਿਚ (ਹੁੰਦਾ ਹੈ, ਤਦੋਂ) ਕਈ ਯਾਰ ਦੋਸਤ ਮਿਲ ਕੇ (ਉਸ ਪਾਸ) ਬੈਠਦੇ ਹਨ, ਤੇ, (ਉਸ ਨੂੰ) ਚਾਰੇ ਪਾਸੇ ਤੋਂ ਘੇਰੀ ਰੱਖਦੇ ਹਨ।

(O friend! When a man) is happy (in good times), many friends gather together and sit near him and surround him on all (four) sides;

(हे मित्र! मनुष्य के) सुखी होने पर बहुत से मित्र इकट्ठे होकर उसके पास बैठ जाते हैं तथा उसे चारों ओर से घेर लेते हैं।

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥**

**बिपति परी सभ ही संगु छाडित कोऊ न आवत नेरै ॥१॥**

(ਪਰ ਜਦੋਂ ਉਸ ਨੂੰ ਕੋਈ) ਮੁਸੀਬਤ ਪੈਂਦੀ ਹੈ, ਸਾਰੇ ਹੀ ਸਾਥ ਛੱਡ ਜਾਂਦੇ ਹਨ, (ਫਿਰ) ਕੋਈ ਵੀ (ਉਸ ਦੇ) ਨੇੜੇ ਨਹੀਂ ਢੁਕਦਾ ॥੧॥

(but when any) trouble befalls him, all his companions abandon him, (then) no one comes near him. ||1||

(परन्तु) जब वह संकट में पड़ता है, तो सब उसे छोड़ देते हैं, (तब) कोई उसके निकट नहीं आता ॥१॥

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥**

**घर की नारि बहुतु हितु जा सिउ सदा रहत संग लागी ॥**

ਹੇ ਮਿੱਤਰ! ਘਰ ਦੀ ਇਸਤ੍ਰੀ (ਵੀ), ਜਿਸ ਨਾਲ ਬੜਾ ਪਿਆਰ ਹੁੰਦਾ ਹੈ, ਜੇਹੜੀ ਸਦਾ (ਖਸਮ ਦੇ) ਨਾਲ ਲੱਗੀ ਰਹਿੰਦੀ ਹੈ,

(O friend!) The wife of the house (too), whom one loves very much, who always remains with (her husband),

(हे मित्र!) घर की स्त्री, जिससे बहुत प्रेम किया जाता है, जो सदा (पति के) साथ रहती है,

**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥**

**जब ही हंस तजी इह कांइआ प्रेत प्रेत करि भागी ॥२॥**

ਜਿਸ ਹੀ ਵੇਲੇ (ਪਤੀ ਦਾ) ਜੀਵਾਤਮਾ ਇਸ ਸਰੀਰ ਨੂੰ ਛੱਡ ਦਿੰਦਾ ਹੈ, (ਇਸਤ੍ਰੀ ਉਸ ਤੋਂ ਇਹ ਆਖ ਕੇ) ਪਰੇ ਹਟ ਜਾਂਦੀ ਹੈ ਕਿ ਇਹ ਮਰ ਚੁਕਾ ਹੈ ਮਰ ਚੁਕਾ ਹੈ ॥੨॥

but the moment the soul (of the husband) leaves this body, the wife separates from him (saying) ‘he is a ghost, he is dead’. ||2||

जिस समय (पति की) आत्मा इस शरीर को छोड़ती है, पत्नी यह कहकर उससे दूर हो जाती है कि, “वह मर गया, वह मर गया” ॥२॥

**ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥**

**इह बिधि को बिउहारु बनिओ है जा सिउ नेहु लगाइओ ॥**

(ਹੇ ਮਿੱਤਰ! ਦੁਨੀਆ ਦਾ) ਇਸ ਤਰ੍ਹਾਂ ਦਾ ਵਰਤਾਰਾ ਬਣਿਆ ਹੋਇਆ ਹੈ ਜਿਸ ਨਾਲ (ਮਨੁੱਖ ਨੇ) ਪਿਆਰ ਪਾਇਆ ਹੋਇਆ ਹੈ,

(O friend!) Such is the way (of the world) with which the man has fallen in love with,

(हे मित्र! संसार) ऐसा व्यवहार बन गया है कि (मनुष्य) उससे प्रेम करने लगा है,

**ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥**

**अंत बार नानक बिनु हरि जी कोऊ कामि न आइओ ॥३॥१२॥१३९॥**

ਪਰ, ਹੇ ਨਾਨਕ! (ਆਖ ਕਿ) ਅਖੀਰਲੇ ਸਮੇ ਪਰਮਾਤਮਾ ਤੋਂ ਬਿਨਾ ਹੋਰ ਕੋਈ ਵੀ (ਮਨੁੱਖ ਦੀ) ਮਦਦ ਨਹੀਂ ਕਰ ਸਕਦਾ ॥੩॥੧੨॥੧੩੯॥

but, O Nanak! (in the end) at the last moment none can help (man) except God. ||3||12||139||
परन्तु हे नानक! (कहो कि) अन्तिम समय में ईश्वर के अतिरिक्त कोई भी (मनुष्य की) सहायता नहीं कर सकता ॥३॥१२॥१३९॥

**Page 684**

### ੧ੴ ਸਤਿਗੁਰ ਪ੍ਰਸਾਦਿ ॥

**१ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

### ਧਨਾਸਰੀ ਮਹਲਾ ੯ ॥

**धनासरी महला ९ ॥**

ਰਾਗ ਧਨਾਸਰੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।
Hymns of Sri Guru Teg Bahadur ji in Musical Ḋʰanaasaree.
राग धनसरी में श्री गुरु तेग बहादुर जी की वाणी।

### ਕਾਹੇ ਰੇ ਬਨ ਖੋਜਨ ਜਾਈ ॥

**काहे रे बन खोजन जाई ॥**

ਤੂੰ (ਪਰਮਾਤਮਾ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ?
Why do you go to the forests to search for God)?
तुम (भगवान को) खोजने के लिए जंगलों में क्यों जाते हो?

### ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥

**सरब निवासी सदा अलेपा तोही संगि समाई ॥१॥ रहाउ ॥**

ਪਰਮਾਤਮਾ ਸਭ ਵਿਚ ਵੱਸਣ ਵਾਲਾ ਹੈ, (ਫਿਰ ਵੀ) ਸਦਾ (ਮਾਇਆ ਦੇ ਪ੍ਰਭਾਵ ਤੋਂ) ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ ॥੧॥ ਠਹਿਰਾਉ ॥
God resides in everyone, (yet) always remains detached (from Maya). God resides within you also. ||1|| Pause.||
भगवान तो सब में निवास करता है, फिर भी सदैव माया से निर्लिप्त रहता है। वह भगवान तुम्हारे साथ रहता है ॥१॥ विराम॥

### ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥

**पुहप मधि जिउ बासु बसतु है मुकर माहि जैसे छाई ॥**

ਜਿਵੇਂ ਫੁੱਲ ਵਿਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ ਵੱਸਦਾ ਹੈ,
Just as fragrance remains in a flower, just as the reflection (of the person looking in the mirror) remains in a mirror,
जैसे सुगंध फूल में निवास करती है, तथा जैसे ही दर्पण में छवि निवास करती है,

### ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥

**तैसे ही हरि बसे निरंतरि घट ही खोजहु भाई ॥१॥**

ਤਿਵੇਂ ਪਰਮਾਤਮਾ ਇਕ-ਰਸ ਸਭਨਾ ਦੇ ਅੰਦਰ ਵੱਸਦਾ ਹੈ। (ਇਸ ਵਾਸਤੇ, ਉਸ ਨੂੰ) ਆਪਣੇ ਹਿਰਦੇ ਵਿਚ ਹੀ ਲੱਭ ॥੧॥
Similarly, God resides uniformly in everyone. (Therefore) search for him within your own heart! ||1||
इस प्रकार, ईश्वर सभी चीजों के भीतर रहता है। (इसलिए, उसे) अपने हृदय में खोजें ॥१॥

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**

**बाहरि भीतरि एको जानहु इहु गुर गिआनु बताई ॥**
ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ) ਇਕ ਪਰਮਾਤਮਾ ਨੂੰ (ਵੱਸਦਾ) ਸਮਝੋ।
The Guru's teaching (of spiritual life) tells us that you should consider that there is one God (residing) inside (your body) and outside (your body) everywhere.
गुरु की शिक्षा (आध्यात्मिक जीवन की ओर) हमें यह बताती है कि एक ईश्वर को अपने शरीर के भीतर (तथा शरीर के बाहर) (सर्वत्र) निवास करने वाला मानो।

**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥**

**जन नानक बिनु आपा चीनै मिटै न भ्रम की काई ॥२॥१॥**
ਹੇ ਦਾਸ ਨਾਨਕ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ, ਉਤਨਾ ਚਿਰ ਸਰਬ-ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ) ॥੨॥੧॥
O servant Nanak! Without examining one's own spiritual self, the skepticism (of the mind) cannot be dispelled (and, at the same time, the consciousness of the omnipresent God cannot come). ||2||1||
हे सेवक नानक! अपने आध्यात्मिक जीवन की जांच किए बिना भटकाव का जाल (मन से) नहीं हट सकता (तथा तब तक सर्वव्यापी ईश्वर का ज्ञान नहीं हो सकता) ॥२॥१॥

**ਧਨਾਸਰੀ ਮਹਲਾ ੯ ॥**

**धनासरी महला ९ ॥**
ਰਾਗ ਧਨਾਸਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Ḋʰanaasaree.
राग धनासरी में श्री गुरु तेग बहादुर जी की वाणी।

**ਸਾਧੋ ਇਹੁ ਜਗੁ ਭਰਮ ਭੁਲਾਨਾ ॥**

**साधो इहु जगु भरम भुलाना ॥**
ਹੇ ਸੰਤ ਜਨੋ! ਇਹ ਜਗਤ (ਮਾਇਆ ਦੀ) ਭਟਕਣਾ ਵਿਚ (ਪੈ ਕੇ) ਕੁਰਾਹੇ ਪਿਆ ਰਹਿੰਦਾ ਹੈ।
O holy persons! This world remains lost in the delusion (of Maya).
हे संतों! यह संसार माया के मोह में खोया रहता है।

**ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥**

**राम नाम का सिमरनु छोडिआ माइआ हाथि बिकाना ॥१॥ रहाउ ॥**
ਪ੍ਰਭੂ ਦੇ ਨਾਮ ਦਾ ਸਿਮਰਨ ਛੱਡੀ ਰੱਖਦਾ ਹੈ, ਤੇ, ਮਾਇਆ ਦੇ ਹੱਥ ਵਿਚ ਵਿਕਿਆ ਰਹਿੰਦਾ ਹੈ (ਮਾਇਆ ਦੇ ਵੱਟੇ ਆਤਮਕ ਜੀਵਨ ਗਵਾ ਦਿੰਦਾ ਹੈ) ॥੧॥ ਠਹਿਰਾਉ ॥
He gives up remembering the Lord's Name and keeps getting sold in the hands of Maya (loses his spiritual life under the influence of Maya). ||1|| Pause.||

वह भगवान के नाम का ध्यान त्याग देता है, तथा माया के हाथों में बिक जाता है (माया के बदले में वह अपना आध्यात्मिक जीवन खो देता है) ॥१॥ विराम॥

**ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥**

**मात पिता भाई सुत बनिता ता कै रसि लपटाना ॥**

ਹੇ ਸੰਤ ਜਨੋ! ਮਾਂ, ਪਿਉ, ਭਰਾ, ਪੁੱਤਰ, ਇਸਤ੍ਰੀ-(ਭੁੱਲਾ ਹੋਇਆ ਜਗਤ) ਇਹਨਾਂ ਦੇ ਮੋਹ ਵਿਚ ਫਸਿਆ ਰਹਿੰਦਾ ਹੈ।

(O holy persons! Forgetting reality) people remain trapped in the love of mother, father, brother, son and wife.

(हे संत जनो) माता, पिता, भाई, पुत्र, स्त्री - (संसार को भूलकर) मनुष्य इन्हीं की आसक्ति में फंसा रहता है।

Page 685

**ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥**

**जोबनु धनु प्रभता कै मद मै अहिनिसि रहै दिवाना ॥१॥**

ਜਵਾਨੀ, ਧਨ, ਤਾਕਤ ਦੇ ਨਸ਼ੇ ਵਿਚ ਜਗਤ ਦਿਨ ਰਾਤ ਝੱਲਾ ਹੋਇਆ ਰਹਿੰਦਾ ਹੈ ॥੧॥

The world remains intoxicated with youth, wealth and power day and night. ||1||

दुनिया जवानी, धन तथा शक्ति के नशे में दिन-रात मदमस्त रहती है ॥१॥

**ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ ॥**

**दीन दइआल सदा दुख भंजन ता सिउ मनु न लगाना ॥**

ਜੇਹੜਾ ਪਰਮਾਤਮਾ ਦੀਨਾ ਉਤੇ ਦਇਆ ਕਰਨ ਵਾਲਾ ਹੈ, ਜੇਹੜਾ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਜਗਤ ਉਸ ਨਾਲ ਆਪਣਾ ਮਨ ਨਹੀਂ ਜੋੜਦਾ।

The people do not attach their mind to the God who is merciful to the poor and who destroys all sorrows.

संसार उस ईश्वर पर अपना ध्यान नहीं लगाता जो दीन-दुखियों पर दया करने वाला है, जो सभी दुखों का नाश करने वाला है।

**ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥੨॥੨॥**

**जन नानक कोटन मै किनहू गुरमुखि होइ पछाना ॥२॥२॥**

ਹੇ ਦਾਸ ਨਾਨਕ! (ਆਖ ਕਿ) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਨਾਲ ਸਾਂਝ ਪਾਈ ਹੈ ॥੨॥੨॥

O servant Nanak! (say that) out of millions of people only a rare person has taken refuge in the Guru and established a relationship with God. ||2||2||

हे सेवक नानक! कहो कि करोड़ों में कोई अनोखा ही है जो गुरु की शरण में गया हो तथा परमात्मा से मिलन प्राप्त किया हो ॥२॥२॥

**ਧਨਾਸਰੀ ਮਹਲਾ ੯ ॥**

**धनासरी महला ९ ॥**

राग धनासरी में श्री गुरु तेग बहादुर जी की वाणी।

Hymns of Sri Guru Teg Bahadur ji in Musical Ḋʰanaasaree.

राग धनासरी में श्री गुरु तेग बहादुर जी की वाणी।

**ਤਿਹ ਜੋਗੀ ਕਉ ਜੁਗਤਿ ਨ ਜਾਨਉ ॥**

**तिह जोगी कउ जुगति न जानउ ॥**

(ਹੇ ਇਨਸਾਨ!) ਮੈਂ ਸਮਝਦਾ ਹਾਂ ਕਿ ਉਸ ਜੋਗੀ ਨੂੰ (ਸਹੀ) ਜੀਵਨ-ਜਾਚ (ਅਜੇ) ਨਹੀਂ ਆਈ,
(O man!) I think that the Yogi has not yet learnt the (correct) way of life.
(हे मनुष्य!) मैं समझता हूँ कि उस योगी ने अभी तक जीवन की निपुणता नहीं ली है,

**ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ ॥**
**लोभ मोह माइआ ममता फुनि जिह घटि माहि पछानउ ॥१॥ रहाउ ॥**
ਜਿਸ (ਜੋਗੀ) ਦੇ ਹਿਰਦੇ ਵਿਚ ਮੈਂ ਲੋਭ ਮਾਇਆ ਦੇ ਮੋਹ ਅਤੇ ਮਮਤਾ (ਦੀਆਂ ਲਹਿਰਾਂ ਉੱਠ ਰਹੀਆਂ) ਵੇਖਦਾ ਹਾਂ ॥੧॥ ਠਹਿਰਾਉ ॥
I see (of the Yogi) whose heart waves of greed, illusion, attachment and affection rising. ||1|| Pause.||
जिसके हृदय में लोभ, मोह तथा आसक्ति की लहरें उठती देखता हूँ ॥१॥ विराम॥

**ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥**
**पर निंदा उसतति नह जा कै कंचन लोह समानो ॥**
ਜਿਸ ਮਨੁੱਖ ਦੇ ਹਿਰਦੇ ਵਿਚ ਪਰਾਈ ਨਿੰਦਿਆ ਨਹੀਂ ਹੈ, ਪਰਾਈ ਖ਼ੁਸ਼ਾਮਦ ਨਹੀਂ ਹੈ, ਜਿਸ ਨੂੰ ਸੋਨਾ ਲੋਹਾ ਇਕੋ ਜਿਹੇ ਦਿਸਦੇ ਹਨ,
The person who does not indulge in slander or flattery of others and to whom gold and iron appears alike,
जिस मनुष्य के हृदय में दूसरों की निंदा नहीं होती, दूसरों की खुशामद नहीं होती, जिसके लिए सोना तथा लोहा एक समान होते हैं,

**ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥**
**हरख सोग ते रहै अतीता जोगी ताहि बखानो ॥१॥**
ਜੇਹੜਾ ਮਨੁੱਖ ਖ਼ੁਸ਼ੀ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ; ਉਸ ਨੂੰ ਹੀ ਜੋਗੀ ਆਖ ॥੧॥
and who remains aloof from happiness and sorrow is called a Yogi. ||1||
जो सुख-दुःख से पृथक रहता है, उसे योगी कहते हैं ॥१॥

**ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥**
**चंचल मनु दह दिसि कउ धावत अचल जाहि ठहरानो ॥**
ਇਹ ਸਦਾ ਭਟਕਦਾ ਰਹਿਣ ਵਾਲਾ ਮਨ ਦਸ ਪਾਸੇ ਦੌੜਦਾ ਫਿਰਦਾ ਹੈ। ਜਿਸ ਮਨੁੱਖ ਨੇ ਇਸ ਨੂੰ ਅਡੋਲ ਕਰ ਕੇ ਟਿਕਾ ਲਿਆ ਹੈ,
(Oh man!) This ever-wandering mind keeps running in ten directions. The man who has made effort to making it steady,
(अरे भाई!) यह सदा भटकने वाला मन दसों दिशाओं में दौड़ता है। जिस मनुष्य ने इसे दृढ़निश्चयी तथा एकरस बना लिया है,

**ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥**
**कहु नानक इह बिधि को जो नरु मुकति ताहि तुम मानो ॥२॥३॥**
ਨਾਨਕ ਆਖਦਾ ਹੈ ਕਿ ਜੇਹੜਾ ਮਨੁੱਖ ਇਸ ਕਿਸਮ ਦਾ ਹੈ, ਸਮਝ ਲੈ ਕਿ ਉਸ ਨੂੰ ਵਿਕਾਰਾਂ ਤੋਂ ਖ਼ਲਾਸੀ ਮਿਲ ਗਈ ਹੈ ॥੨॥੩॥
Nanak says that if a person is of this type, he should understand that he has been freed from the vices. ||2||3||
नानक कहते हैं कि इस प्रकार के व्यक्ति के बारे में समझना चाहिए कि वह विकारों से मुक्त हो गया है ॥२॥३॥

**ਧਨਾਸਰੀ ਮਹਲਾ ੯ ॥**
**धनासरी महला ९ ॥**
ਰਾਗ ਧਨਾਸਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

**ਅਬ ਮੈ ਕਉਨੁ ਉਪਾਉ ਕਰਉ ॥**

**अब मै कउनु उपाउ करउ ॥**

(ਹੇ ਇਨਸਾਨ!) ਹੁਣ ਮੈਂ ਕੇਹੜਾ ਜਤਨ ਕਰਾਂ?

O man! What effort should I make now?

(अरे मनुष्य!) अब क्या प्रयास करूँ?

**ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ ॥੧॥ ਰਹਾਉ ॥**

**जिह बिधि मन को संसा चूकै भउ निधि पारि परउ ॥१॥ रहाउ ॥**

ਜਿਸ ਤਰ੍ਹਾਂ (ਮੇਰੇ) ਮਨ ਦਾ ਸਹਿਮ ਮੁੱਕ ਜਾਏ, ਅਤੇ, ਮੈਂ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਵਾਂ ॥੧॥ ਠਹਿਰਾਉ ॥

due to which the fear (doubt) of (my) mind may end, and I may cross the world-ocean. ||1|| Pause.||

(जिस से) मेरे मन का भय चला जाये तथा मैं संसार-सागर से पार (मुक्त) हो जाऊं ॥१॥ विराम॥

**ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥**

**जनमु पाइ कछु भलो न कीनो ता ते अधिक डरउ ॥**

ਮਨੁਖਾ ਜਨਮ ਪ੍ਰਾਪਤ ਕਰ ਕੇ ਮੈਂ ਕੋਈ ਭਲਾਈ ਨਹੀਂ ਕੀਤੀ, ਇਸ ਵਾਸਤੇ ਮੈਂ ਬਹੁਤ ਡਰਦਾ ਰਹਿੰਦਾ ਹਾਂ।

I have not done any good after being born as a human, that is why I am very afraid.

मैंने मनुष्य जन्म लेकर कोई अच्छा काम नहीं किया, इसलिए मैं बहुत डर रहा हूँ।

**ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ ॥੧॥**

**मन बच क्रम हरि गुन नही गाए यह जीअ सोच धरउ ॥१॥**

ਮੈਂ (ਆਪਣੀ) ਜਿੰਦ ਵਿਚ (ਹਰ ਵੇਲੇ) ਇਹੀ ਚਿੰਤਾ ਕਰਦਾ ਰਹਿੰਦਾ ਹਾਂ ਕਿ ਮੈਂ ਆਪਣੇ ਮਨ ਨਾਲ, ਬਚਨ ਨਾਲ, ਕਰਮ ਨਾਲ (ਕਦੇ ਵੀ) ਪਰਮਾਤਮਾ ਦੇ ਗੁਣ ਨਹੀਂ ਗਾਂਦਾ ਰਿਹਾ ॥੧॥

I keep worrying (all the time) in my life that I have (never) sung the praises of God in my mind, in words or actions. ||1||

मैं अपने जीवन में यह चिंता करता रहता हूँ कि मैंने मन से, वचनों से तथा कर्म से भगवान का गुणगान नहीं करता रहा ॥१॥

**ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥**

**गुरमति सुनि कछु गिआनु न उपजिओ पसु जिउ उदरु भरउ ॥**

ਗੁਰੂ ਦੀ ਬੁੱਧੀ ਸੁਣ ਕੇ ਮੇਰੇ ਅੰਦਰ ਆਤਮਕ ਜੀਵਨ ਦੀ ਕੁਝ ਵੀ ਸੂਝ ਪੈਦਾ ਨਹੀਂ ਹੋਈ, ਮੈਂ ਪਸ਼ੂ ਵਾਂਗ (ਨਿਤ) ਆਪਣਾ ਢਿੱਡ ਭਰ ਲੈਂਦਾ ਹਾਂ।

Despite listening to the teachings of the Guru, I have not developed any understanding of spiritual life; I fill my stomach like an animal (every day).

गुरु का ज्ञान सुनकर भी मुझमें आध्यात्मिक जीवन की कोई अंतर्दृष्टि उत्पन्न नहीं हुई; मैं पशु की तरह अपना पेट भरता हूँ।

**ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥**

**कहु नानक प्रभ बिरदु पछानउ तब हउ पतित तरउ ॥२॥४॥९॥९॥१३॥५८॥४॥९३॥**

ਨਾਨਕ ਆਖਦਾ ਹੈ ਕਿ ਹੇ ਪ੍ਰਭੂ! ਮੈਂ ਵਿਕਾਰੀ ਤਦੋਂ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਸਕਦਾ ਹਾਂ ਜੇ ਤੂੰ ਆਪਣਾ ਮੁੱਢ-ਕਦੀਮਾਂ ਦਾ (ਪਿਆਰ ਵਾਲਾ) ਸੁਭਾਉ ਚੇਤੇ ਰੱਖੇ ॥੨॥੪॥੯॥੯॥੧੩॥੫੮॥੪॥੯੩॥
Nanak says, “O Lord! Only if you use your innate loving nature, then I, who is filled with vices may overcome my vices”. ||2||||4||||9||||9||13||58||||4||||93||
नानक कहते हैं, हे प्रभु! मैं दुष्ट, (संसार सागर को) तभी पार कर सकता हूँ, जब आप अपने मूल (प्रेमपूर्ण) स्वभाव को याद रखें ॥२॥४॥९॥९॥१३॥५८॥४॥९३॥

**Page 702**

### ਜੈਤਸਰੀ ਮਹਲਾ ੯
**जैतसरी महला ९**
ਰਾਗ ਜੈਤਸਰੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।
Hymns of Sri Guru Teg Bahadur ji in Musical Jaitsaree.
राग जैतसरी में श्री गुरु तेग बहादुर जी की वाणी।

### ੴ ਸਤਿਗੁਰ ਪ੍ਰਸਾਦਿ ॥
**ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

### ਭੂਲਿਓ ਮਨੁ ਮਾਇਆ ਉਰਝਾਇਓ ॥
**भूलिओ मनु माइआ उरझाइओ ॥**
(ਸਹੀ ਜੀਵਨ-ਰਾਹ) ਭੁੱਲਿਆ ਹੋਇਆ ਮਨ ਮਾਇਆ (ਦੇ ਮੋਹ ਵਿਚ) ਫਸਿਆ ਰਹਿੰਦਾ ਹੈ।
Forgetting (the right path of life), the mind remains trapped by indulging in Maya (worldly entanglements).
जो मन (जीवन का सही मार्ग) भूल गया है, वह (माया के मोह में) फंसा रहता है।

### ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥
**जो जो करम कीओ लालच लगि तिह तिह आपु बंधाइओ ॥१॥ रहाउ ॥**
(ਫਿਰ, ਇਹ) ਲਾਲਚ ਵਿਚ ਫਸ ਕੇ ਜੇਹੜਾ-ਜੇਹੜਾ ਕੰਮ ਕਰਦਾ ਹੈ, ਉਹਨਾਂ ਦੀ ਰਾਹੀਂ ਆਪਣੇ ਆਪ ਨੂੰ (ਮਾਇਆ ਦੇ ਮੋਹ ਵਿਚ ਹੋਰ) ਫਸਾ ਲੈਂਦਾ ਹੈ ॥੧॥ ਠਹਿਰਾਉ ॥
(Then) while being trapped in greed, whatever deeds a man does, by those deeds he gets further entrapped (in the allurements of Maya). ||1|| Pause.||
(फिर) जो मनुष्य लोभ में फँसकर जो कुछ भी करता है, उनके द्वारा वह स्वयं को (माया की आसक्ति में) तथा अधिक फँसाता है ॥१॥ विराम॥

### ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥
**समझ न परी बिखै रस रचिओ जसु हरि को बिसराइओ ॥**
(ਹੇ ਇਨਸਾਨ! ਸਹੀ ਜੀਵਨ-ਰਾਹ ਤੋਂ ਖੁੰਝੇ ਹੋਏ ਮਨੁੱਖ ਨੂੰ) ਆਤਮਕ ਜੀਵਨ ਦੀ ਸਮਝ ਨਹੀਂ ਪੈਂਦੀ, ਵਿਸ਼ਿਆਂ ਦੇ ਸੁਆਦ ਵਿਚ ਮਸਤ ਰਹਿੰਦਾ ਹੈ, ਪਰਮਾਤਮਾ ਦੀ ਸਿਫ਼ਤ-ਸਲਾਹ ਭੁਲਾਈ ਰੱਖਦਾ ਹੈ।
(O man! The man who strays from the right path of life) does not understand the spiritual life, remains engrossed in the pleasures of sinful deeds, and forgets the glory of God.

(हे मनुष्य! जो व्यक्ति जीवन के सही मार्ग से भटक गया है) वह आध्यात्मिक जीवन को नहीं समझता, भोगों के स्वाद में मदमस्त रहता है, तथा भगवान की महिमा को भूल जाता है।

**ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥**

**संगि सुआमी सो जानिओ नाहिन बनु खोजन कउ धाइओ ॥१॥**

ਪਰਮਾਤਮਾ (ਤਾਂ ਇਸ ਦੇ) ਅੰਗ-ਸੰਗ (ਵੱਸਦਾ ਹੈ) ਉਸ ਨਾਲ ਡੂੰਘੀ ਸਾਂਝ ਨਹੀਂ ਪਾਂਦਾ, ਜੰਗਲ ਭਾਲਣ ਵਾਸਤੇ ਦੌੜ ਪੈਂਦਾ ਹੈ ॥੧॥

God is with him, but he does not understand this and goes to the forest in search of Him. ||1||

भगवान उसके सदस्यों के साथ रहते हैं, परन्तु उसका उनसे गहन सम्बन्ध नहीं बनता, इसलिए वह जंगल की ओर भाग जाता है उस को पाने कि लिये ॥१॥

Page 703

**ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥**

**रतनु रामु घट ही के भीतरि ता को गिआनु न पाइओ ॥**

ਰਤਨ (ਵਰਗਾ ਕੀਮਤੀ) ਹਰਿ-ਨਾਮ ਹਿਰਦੇ ਦੇ ਅੰਦਰ ਹੀ ਵੱਸਦਾ ਹੈ (ਪਰ ਭੁੱਲਾ ਹੋਇਆ ਮਨੁੱਖ) ਉਸ ਨਾਲ ਸਾਂਝ ਨਹੀਂ ਬਣਾਂਦਾ।

The gem (like the precious) Name of God resides within the heart (but the forgetful man) does not know about Him.

भगवान का रत्न जैसा अनमोल नाम हृदय में रहता है (परन्तु भुलक्कड़ मनुष्य) उससे सम्बन्ध नहीं बनाता।

**ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥**

**जन नानक भगवंत भजन बिनु बिरथा जनमु गवाइओ ॥२॥१॥**

ਹੇ ਦਾਸ ਨਾਨਕ! (ਆਖ ਕਿ) ਪਰਮਾਤਮਾ ਦੇ ਭਜਨ ਤੋਂ ਬਿਨਾ ਮਨੁੱਖ ਆਪਣਾ ਜੀਵਨ ਵਿਅਰਥ ਗਵਾ ਦਿੰਦਾ ਹੈ ॥੨॥੧॥

O Servant Nanak! (Say that) without (meditation on) devotion to God a man wastes his life. ||2||1||

हे दास नानक! कहो कि ईश्वर की भक्ति के बिना मनुष्य अपना जीवन व्यर्थ ही नष्ट कर देता है ॥२॥१॥

**ਜੈਤਸਰੀ ਮਹਲਾ ੯ ॥**

**जैतसरी महला ९ ॥**

ਰਾਗ ਜੈਤਸਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Jaitsaree.

राग जैतसरी में श्री गुरु तेग बहादुर जी की वाणी।

**ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥**

**हरि जू राखि लेहु पति मेरी ॥**

ਹੇ ਪ੍ਰਭੂ ਜੀ! ਮੇਰੀ ਇੱਜ਼ਤ ਰੱਖ ਲਵੋ।

O Lord! Please save my honor.

हे प्रभु, मेरी लाज रखना।

**ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥**

**जम को त्रास भइओ उर अंतरि सरनि गही किरपा निधि तेरी ॥१॥ रहाउ ॥**

ਮੇਰੇ ਹਿਰਦੇ ਵਿਚ ਮੌਤ ਦਾ ਡਰ ਵੱਸ ਰਿਹਾ ਹੈ, (ਇਸ ਤੋਂ ਬਚਣ ਲਈ) ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ! ਮੈਂ ਤੇਰਾ ਆਸਰਾ ਲਿਆ ਹੈ ॥੧॥ ਠਹਿਰਾਉ ॥

The fear of death is dwelling in my heart, (to escape it) O Lord, treasure of mercy! I have taken your refuge. ||1|| Pause.||
मृत्यु का भय मेरे हृदय में बसा है। (उससे बचने के लिए) हे कृपा के भण्डार प्रभु! मैं आपकी शरण में आया हूँ ॥१॥ विराम॥

**ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥**
**महा पतित मुगध लोभी फुनि करत पाप अब हारा ॥**
(ਹੇ ਪ੍ਰਭੂ!) ਮੈਂ ਵੱਡਾ ਵਿਕਾਰੀ ਹਾਂ, ਮੂਰਖ ਹਾਂ, ਲਾਲਚੀ ਵੀ ਹਾਂ, ਪਾਪ ਕਰਦਾ-ਕਰਦਾ ਹੁਣ ਮੈਂ ਥੱਕ ਗਿਆ ਹਾਂ।
O Lord! I am full of vices, I am foolish, I am greedy too, I am tired of committing sins.
(हे प्रभु!) मैं महा-पापी हूँ, मूर्ख हूँ, लोभी हूँ, पाप करते-करते अब थक गया हूँ।

**ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥**
**भै मरबे को बिसरत नाहिन तिह चिंता तनु जारा ॥१॥**
ਮੈਨੂੰ ਮਰਨ ਦਾ ਡਰ (ਕਿਸੇ ਵੇਲੇ) ਭੁੱਲਦਾ ਨਹੀਂ, ਇਸ (ਮਰਨ) ਦੀ ਚਿੰਤਾ ਨੇ ਮੇਰਾ ਸਰੀਰ ਸਾੜ ਦਿੱਤਾ ਹੈ ॥੧॥
I cannot forget the fear of death (for any time); the worry of death has tormented my body.
मैं मृत्यु के भय को कभी नहीं भूल सकता, इसकी चिंता ने मेरे शरीर को जला दिया है ॥१॥

**ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥**
**कीए उपाव मुकति के कारनि दह दिसि कउ उठि धाइआ ॥**
(ਮੌਤ ਦੇ ਇਸ ਸਹਿਮ ਤੋਂ) ਖ਼ਲਾਸੀ ਹਾਸਲ ਕਰਨ ਲਈ ਮੈਂ ਅਨੇਕਾਂ ਹੀਲੇ ਕੀਤੇ ਹਨ, ਉਠ-ਉਠ ਕੇ ਹਰ ਤਰਫ਼ ਦੌੜਿਆ ਹਾਂ।
(To get freedom from this fear of death) I have tried many tricks; I have got up and run in all ten directions.
(मृत्यु के भय से) मोक्ष प्राप्ति करने के लिए मैंने अनेक उपाय किए हैं, उठकर सब दिशाओं में दौड़ा हूँ।

**ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥**
**घट ही भीतरि बसै निरंजनु ता को मरमु न पाइआ ॥२॥**
(ਮਾਇਆ ਦੇ ਮੋਹ ਤੋਂ) ਨਿਰਲੇਪ ਪਰਮਾਤਮਾ ਹਿਰਦੇ ਵਿਚ ਹੀ ਵੱਸਦਾ ਹੈ, ਉਸ ਦਾ ਭੇਤ ਮੈਂ ਨਹੀਂ ਸਮਝਿਆ ॥੨॥
The immaculate Lord (detached from Maya) resides in me; I have not understood His secret. ||2||
(माया की आसक्ति से) निर्लिप्त भगवान हृदय में ही निवास करते हैं, उनका रहस्य मैं नहीं समझ पाया हूँ ॥२॥

**ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥**
**नाहिन गुनु नाहिन कछु जपु तपु कउनु करमु अब कीजै ॥**
(ਪਰਮਾਤਮਾ ਦੀ ਸਰਨ ਤੋਂ ਬਿਨਾ ਹੋਰ) ਕੋਈ ਗੁਣ ਨਹੀਂ, ਕੋਈ ਜਪ ਤਪ ਨਹੀਂ (ਜੋ ਮੌਤ ਦੇ ਸਹਿਮ ਤੋਂ ਬਚਾ ਲਏ, ਫਿਰ) ਹੁਣ ਕੇਹੜਾ ਕੰਮ ਕੀਤਾ ਜਾਏ?
(Without surrendering to God) there is no virtue, no chanting, no penance (that can save one from the fear of death; then) what should I do now?
(भगवान की शरण के अतिरिक्त) न कोई पुण्य है, न कोई जप है, न कोई तप है (जो हमें मृत्यु के भय से बचा सके, तब) अब कौन सा कार्य करना चाहिए?

**ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥**
**नानक हारि परिओ सरनागति अभै दानु प्रभ दीजै ॥३॥२॥**

ਹੇ ਨਾਨਕ! (ਆਖ ਕਿ) ਹੇ ਪ੍ਰਭੂ! (ਹੋਰ ਸਾਧਨਾਂ ਵੱਲੋਂ) ਹਾਰ ਕੇ ਮੈਂ ਤੇਰੀ ਸਰਨ ਆ ਪਿਆ ਹਾਂ, ਤੂੰ ਮੈਨੂੰ ਮੌਤ ਦੇ ਡਰ ਤੋਂ ਖ਼ਲਾਸੀ ਦਾ ਦਾਨ ਦੇਹ ॥੩॥੨॥
O Nanak! (Say O Lord! By trying other means) I am defeated and have come to your refuge, grant me freedom from the fear of death! ||3||2||
हे नानक! हे प्रभु! मैं (अन्य साधनों से) पराजित होकर आपकी शरण में आया हूँ। मुझे मृत्यु के भय से मुक्ति का वरदान दीजिए ॥३॥२॥

**ਜੈਤਸਰੀ ਮਹਲਾ ੯ ॥**
**जैतसरी महला ९ ॥**
ਰਾਗ ਜੈਤਸਰੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Jaitsaree.
राग जैतसरी में श्री गुरु तेग बहादुर जी की वाणी।

**ਮਨ ਰੇ ਸਾਚਾ ਗਹੋ ਬਿਚਾਰਾ ॥**
**मन रे साचा गहो बिचारा ॥**
ਹੇ ਮੇਰੇ ਮਨ! ਇਹ ਜ਼ਰੂਰੀ ਵਿਚਾਰ (ਆਪਣੇ ਅੰਦਰ) ਸਾਂਭ ਕੇ ਰੱਖ ਕਿ
O my mind! Keep this useful thought firmly (within you),
हे मेरे मन! इन महत्वपूर्ण विचारों को (अपने भीतर) संभाल कर रखो कि

**ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥੧॥ ਰਹਾਉ ॥**
**राम नाम बिनु मिथिआ मानो सगरो इहु संसारा ॥१॥ रहाउ ॥**
ਪਰਮਾਤਮਾ ਦੇ ਨਾਮ ਤੋਂ ਬਗੈਰ ਬਾਕੀ ਸਾਰਾ ਸੰਸਾਰ ਨੂੰ ਨਾਸਵੰਦ ਹੈ ॥੧॥ ਠਹਿਰਾਉ ॥
without the Name of God, consider this entire world as perishable. ||1|| Pause.||
भगवान के नाम के बिना यह संसार नाशवान है ॥१॥ विराम॥

**ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥**
**जा कउ जोगी खोजत हारे पाइओ नाहि तिह पारा ॥**
ਹੇ ਮੇਰੇ ਮਨ! ਜੋਗੀ ਲੋਕ ਜਿਸ ਪਰਮਾਤਮਾ ਨੂੰ ਲੱਭਦੇ-ਲੱਭਦੇ ਥੱਕ ਗਏ, ਤੇ, ਉਸ ਦੇ ਸਰੂਪ ਦਾ ਅੰਤ ਨਾ ਲੱਭ ਸਕੇ।
(O my mind!) The Yogis got tired on searching God but could not find His limits.
हे मेरे मन! जिस भगवान को खोजते-खोजते योगी थक गए, तथा जिसके स्वरूप का अंत नहीं पा सके।

**ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥੧॥**
**सो सुआमी तुम निकटि पछानो रूप रेख ते निआरा ॥१॥**
ਉਸ ਮਾਲਕ ਨੂੰ ਤੂੰ ਆਪਣੇ ਅੰਗ-ਸੰਗ ਵੱਸਦਾ ਜਾਣ, ਪਰ ਉਸ ਦਾ ਕੋਈ ਰੂਪ ਉਸ ਦਾ ਕੋਈ ਚਿਹਨ ਦੱਸਿਆ ਨਹੀਂ ਜਾ ਸਕਦਾ ॥੧॥
You may know that the Lord resides with you, but His form or His sign cannot be described. ||1||
तुम उस प्रभु को अपने नजदीक में निवास करते हुए समझो, परन्तु उसका कोई रूप या कोई चिन्ह वर्णित नहीं किया जा सकता ॥१॥

**ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ ॥**
**पावन नामु जगत मै हरि को कबहू नाहि स्मभारा ॥**

ਹੇ ਮੇਰੇ ਮਨ! ਜਗਤ ਵਿਚ ਪਰਮਾਤਮਾ ਦਾ ਨਾਮ (ਹੀ) ਪਵਿਤਰ ਕਰਨ ਵਾਲਾ ਹੈ, ਤੂੰ ਉਸ ਨਾਮ ਨੂੰ (ਆਪਣੇ ਅੰਦਰ) ਕਦੇ ਸਾਂਭ ਕੇ ਨਹੀਂ ਰੱਖਿਆ।
(O my mind!) In this world, only the Name of God is (the) purifier (sanctifier); you have never kept that Name safe (within you).
(हे मेरे मन!) संसार में हरि-नाम ही पवित्र करने वाला है, तूने उस नाम को कभी अपने अन्दर संभाल नहीं रखा।

### ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥੨॥੩॥

**नानक सरनि परिओ जग बंदन राखहु बिरदु तुहारा ॥२॥३॥**
ਹੇ ਨਾਨਕ! (ਆਖ ਕਿ) ਹੇ ਸਾਰੇ ਜਗਤ ਦੇ ਨਮਸਕਾਰ-ਜੋਗ ਪ੍ਰਭੂ! ਮੈਂ ਤੇਰੀ ਸਰਨ ਆਇਆ ਹਾਂ, ਮੇਰੀ ਰੱਖਿਆ ਕਰ! ਇਹ ਤੇਰਾ ਮੁੱਢ-ਕਦੀਮਾਂ ਦਾ ਸੁਭਾਉ ਹੈ (ਕਿ ਤੂੰ ਸਰਨ ਆਏ ਦੀ ਰੱਖਿਆ ਕਰਦਾ ਹੈਂ) ॥੨॥੩॥
O Nanak! (Say) O Lord ,you are deserving of obeisance of the whole world! I have come to your refuge, please protect me as this is your innate nature (that you protect those who come to you for refuge). ||2||3||
हे नानक! (कह कि) हे जगत के नमस्कार के योग्य प्रभु! मैं आपकी शरण में आया हूँ, मेरी रक्षा कीजिए! यह आपका सनातन स्वभाव है (कि आप शरण में आए हुए की रक्षा करते हैं) ॥२॥३॥

**Page 718**

### ਟੋਡੀ ਮਹਲਾ ੯

**टोडी महला ९**
ਰਾਗ ਟੋਡੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।
Hymns of Sri Guru Teg Bahadur ji in Musical Todee.
राग तोडी में श्री गुरु तेग बहादुर जी की वाणी।

### ੧ੴ ਸਤਿਗੁਰ ਪ੍ਰਸਾਦਿ ॥

**१ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

### ਕਹਉ ਕਹਾ ਅਪਨੀ ਅਧਮਾਈ ॥

**कहउ कहा अपनी अधमाई ॥**
(ਹੇ ਇਨਸਾਨ!) ਮੈਂ ਆਪਣੀ ਨੀਚਤਾ ਕਿਤਨੀ ਕੁ ਬਿਆਨ ਕਰਾਂ?
(O man!) How much should I describe my lowliness?
(अरे मनुष्य!) अपनी दीनता का कितना वर्णन करूँ?

### ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥੧॥ ਰਹਾਉ ॥

**उरझिओ कनक कामनी के रस नह कीरति प्रभ गाई ॥१॥ रहाउ ॥**
ਮੈਂ (ਕਦੇ) ਪਰਮਾਤਮਾ ਦੀ ਸਿਫ਼ਤ-ਸਲਾਹ ਨਹੀਂ ਕੀਤੀ, (ਮੇਰਾ ਮਨ) ਧਨ-ਪਦਾਰਥ ਅਤੇ ਇਸਤ੍ਰੀ ਦੇ ਰਸਾਂ ਵਿਚ ਹੀ ਫਸਿਆ ਰਹਿੰਦਾ ਹੈ ॥੧॥ ਠਹਿਰਾਉ ॥
I have never praised the God, (my mind) is always entangled in wealth (gold).and women. ||1|| Pause.||
मैंने (कभी) भगवान की महिमा नहीं की, (मेरा मन) धन तथा स्त्रियों के भोगों में फंसा रहता है ॥१॥ विराम॥

## ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥

**जग झूठे कउ साचु जानि कै ता सिउ रुच उपजाई ॥**

ਇਸ ਨਾਸਵੰਦ ਸੰਸਾਰ ਨੂੰ ਸਦਾ ਕਾਇਮ ਰਹਿਣ ਵਾਲਾ ਸਮਝ ਕੇ ਮੈਂ ਇਸ ਸੰਸਾਰ ਨਾਲ ਹੀ ਪ੍ਰੀਤ ਬਣਾਈ ਹੋਈ ਹੈ।

Considering this perishable world as eternal, I have developed eagerness for this world.

इस नाशवान संसार को सदैव रहने वाला मानकर मैंने इस संसार में ही प्रीति कर ली है।

## ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥੧॥

**दीन बंध सिमरिओ नही कबहू होत जु संगि सहाई ॥१॥**

ਮੈਂ ਉਸ ਪਰਮਾਤਮਾ ਦਾ ਨਾਮ ਕਦੇ ਨਹੀਂ ਸਿਮਰਿਆ ਜੋ ਨਿਮਾਣਿਆਂ ਦਾ ਰਿਸ਼ਤੇਦਾਰ ਹੈ, ਅਤੇ ਜੇਹੜਾ (ਸਦਾ ਸਾਡੇ) ਨਾਲ ਮਦਦਗਾਰ ਹੈ ॥੧॥

I never remember the Name of that God who is the friend of the poor and who is (always with us) and helps us. ||1||

मैंने कभी भी उस ईश्वर का नाम स्मरण नहीं किया जो दीन-दुखियों का सगा है तथा जो सदैव हमारे साथ सहायक के रूप में रहता है ॥१॥

## ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥

**मगन रहिओ माइआ मै निस दिनि छुटी न मन की काई ॥**

ਮੈਂ ਰਾਤ ਦਿਨ ਮਾਇਆ (ਦੇ ਮੋਹ) ਵਿਚ ਮਸਤ ਰਿਹਾ ਹਾਂ, (ਇਸ ਤਰ੍ਹਾਂ ਮੇਰੇ) ਮਨ ਦੀ ਮੈਲ ਦੂਰ ਨਹੀਂ ਹੋ ਸਕੀ।

I have been engrossed in Maya day and night; (thus) the filth of my mind could not be removed.

मैं दिन-रात माया के मोह में मदमस्त रहता हूँ, (इस प्रकार) मेरे मन का मैल दूर नहीं हुआ है।

## ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥੨॥੧॥੩੧॥

**कहि नानक अब नाहि अनत गति बिनु हरि की सरनाई ॥२॥१॥३१॥**

ਨਾਨਕ ਆਖਦਾ ਹੈ ਕਿ ਹੁਣ (ਜਦੋਂ ਮੈਂ ਗੁਰੂ ਦੀ ਸਰਨ ਪਿਆ ਹਾਂ, ਤਾਂ ਮੈਨੂੰ ਸਮਝ ਆਈ ਹੈ ਕਿ) ਪ੍ਰਭੂ ਦੀ ਸ਼ਰਨ ਪੈਣ ਤੋਂ ਬਿਨਾ ਕਿਸੇ ਵੀ ਹੋਰ ਥਾਂ ਉੱਚੀ ਆਤਮਕ ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ॥੨॥੧॥੩੧॥

Nanak says that now (since I have come under the shelter of the Guru, I have understood that) the high spiritual state cannot be attained anywhere else without taking refuge of the Lord. ||2||1||31||

नानक कहते हैं कि अब (जब मैंने गुरु की शरण ली है, तब मुझे समझ में आ गया है) कि प्रभु की शरण लिए बिना अन्यत्र उच्च आध्यात्मिक स्थिति प्राप्त नहीं हो सकती ॥२॥१॥३१॥

## ਤਿਲੰਗ ਮਹਲਾ ੯ ਕਾਫੀ

**तिलंग महला ९ काफी**

ਰਾਗ ਤਿਲੰਗ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Ṫilang.

राग तिलंग में श्री गुरु तेग बहादुर जी की वाणी।

**Page 726**

## ੧ੴ ਸਤਿਗੁਰ ਪ੍ਰਸਾਦਿ ॥

**१ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥**
**चेतना है तउ चेत लै निसि दिनि मै प्रानी ॥**
ਹੇ ਮਨੁੱਖ! ਜੇ ਤੂੰ ਪਰਮਾਤਮਾ ਦਾ ਨਾਮ ਸਿਮਰਨਾ ਹੈ, ਤਾਂ ਦਿਨ ਰਾਤ ਇੱਕ ਕਰ ਕੇ ਸਿਮਰਨਾ ਸ਼ੁਰੂ ਕਰ ਦੇ,
O man! If you want to remember the Name of God, then start remembering Him day and night.
हे मनुष्य! यदि तू भगवान के नाम का स्मरण करना चाहता है तो हर दिन-रात में ध्यान करना शुरू कर दे।

**ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥**
**छिनु छिनु अउध बिहातु है फूटै घट जिउ पानी ॥१॥ रहाउ ॥**
(ਕਿਉਂਕਿ) ਜਿਵੇਂ ਤ੍ਰੇੜੇ ਹੋਏ ਘੜੇ ਵਿਚੋਂ ਪਾਣੀ (ਸਹਜੇ-ਸਹਜੇ ਨਿਕਲਦਾ ਰਹਿੰਦਾ ਹੈ, ਤਿਵੇਂ ਹੀ) ਇਕ-ਇਕ ਛਿਨ ਕਰ ਕੇ ਉਮਰ ਬੀਤਦੀ ਜਾ ਰਹੀ ਹੈ ॥੧॥ ਠਹਿਰਾਉ ॥
(Because) just like water keeps leaking (out slowly) from a cracked pitcher, similarly life is passing by, one moment at a time. ||1|| Pause.||
(क्योंकि) जैसे फूटे हुए बर्तन से पानी धीरे-धीरे से निकल जाता है, वैसे ही जीवन भी एक-एक पल बीतता जा रहा है ॥१॥ विराम॥

**ਹਰਿ ਗੁਨ ਕਾਹਿ ਨ ਗਾਵਹੀ. ਮੂਰਖ ਅਗਿਆਨਾ ॥**
**हरि गुन काहि न गावही मूरख अगिआना ॥**
ਹੇ ਮੂਰਖ! ਹੇ ਬੇ-ਸਮਝ! ਤੂੰ ਪਰਮਾਤਮਾ ਦੀ ਮਹਿਮਾ ਦੇ ਗੀਤ ਕਿਉਂ ਨਹੀਂ ਗਾਂਦਾ?
O fool! O senseless one! Why don't you sing songs of glorious praises of God?
हे मूर्ख! हे नासमझ! तू परमेश्वर की महिमा के गीत क्यों नहीं गाता?

**ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥**
**झूठै लालचि लागि कै नहि मरनु पछाना ॥१॥**
ਮਾਇਆ ਦੇ ਝੂਠੇ ਲਾਲਚ ਵਿਚ ਫਸ ਕੇ ਤੂੰ ਮੌਤ ਨੂੰ (ਵੀ) ਚੇਤੇ ਨਹੀਂ ਕਰਦਾ ॥੧॥
Entrapped in the false allure of greed (of Maya), you do not even remember death. ||1||
माया के झूठे लोभ में फँसे हुए, तुझे मृत्यु की भी याद नहीं रहती ॥१॥

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**
**अजहू कछु बिगरिओ नही जो प्रभ गुन गावै ॥**
ਪਰ, ਜੇ ਮਨੁੱਖ ਪਰਮਾਤਮਾ ਦੇ ਗੁਣ ਗਾਣੇ ਸ਼ੁਰੂ ਕਰ ਦੇਵੇ (ਭਾਵੇਂ ਸਿਮਰਨ-ਹੀਨਤਾ ਵਿਚ ਕਿਤਨੀ ਵੀ ਉਮਰ ਗੁਜ਼ਰ ਚੁਕੀ ਹੋਵੇ) ਫਿਰ ਵੀ ਕੋਈ ਨੁਕਸਾਨ ਨਹੀਂ ਹੁੰਦਾ, (ਕਿਉਂਕਿ)
But, if a person starts singing the praises of God (no matter how many years he has spent in forgetfulness), then also there is no harm,
तथापि यदि कोई व्यक्ति भगवान का गुणगान करने लगे (चाहे हरि-नाम स्मरण के बगैर कितना ही समय बीत गया हो) तो कोई हानि नहीं है, (क्योंकि)

**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥**
**कहु नानक तिह भजन ते निरभै पदु पावै ॥२॥१॥**

ਨਾਨਕ ਆਖਦਾ ਹੈ ਕਿ ਉਸ ਪਰਮਾਤਮਾ ਦੇ ਭਜਨ ਦੀ ਬਰਕਤ ਨਾਲ ਮਨੁੱਖ ਉਹ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ, ਜਿੱਥੇ ਕੋਈ ਡਰ ਪੋਹ ਨਹੀਂ ਸਕਦਾ ॥੨॥੧॥ ✪ਨੋਟ: ਕਾਫੀ ਇਕ ਰਾਗਣੀ ਦਾ ਨਾਮ ਹੈ। ਇਹਨਾਂ ਸ਼ਬਦਾਂ ਨੂੰ ਤਿਲੰਗ ਅਤੇ ਕਾਫੀ ਦੋਹਾਂ ਮਿਲਵੇਂ ਰਾਗਾਂ ਵਿਚ ਗਾਣਾ ਹੈ।

Nanak says that by virtue of meditation of God, person attains such a spiritual state where no fear can reach. ||2||1||

मनुष्य उस आध्यात्मिक अवस्था को प्राप्त करता है जहाँ कोई भय नहीं पहुँच सकता ॥२॥१॥ नोट: काफी एक रागनी का नाम है। ये शब्द तिलंग तथा काफी दोनों मिश्रित रागों में गाये जाने हैं।

**ਤਿਲੰਗ ਮਹਲਾ ੯ ॥**

**तिलंग महला ९ ॥**

ਰਾਗ ਤਿਲੰਗ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Ṫilang.

राग तिलंग में श्री गुरु तेग बहादुर जी की वाणी।

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥**

**जाग लेहु रे मना जाग लेहु कहा गाफल सोइआ ॥**

ਹੇ ਮਨ! ਹੋਸ਼ ਕਰ, ਹੋਸ਼ ਕਰ! ਤੂੰ ਕਿਉਂ (ਮਾਇਆ ਦੇ ਮੋਹ ਵਿਚ) ਬੇ-ਪਰਵਾਹ ਹੋ ਕੇ ਸੌਂ ਰਿਹਾ ਹੈਂ?

O mind! Be alert, be alert! Why are you sleeping carelessly (in the illusion of Maya)?

हे मन! सावधान हो जा! तू (माया के मोह में) क्यों बेपरवाह होकर सो रहा है?

**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥**

**जो तनु उपजिआ संग ही सो भी संगि न होइआ ॥१॥ रहाउ ॥**

(ਵੇਖ,) ਜੇਹੜਾ (ਇਹ) ਸਰੀਰ (ਮਨੁੱਖ ਦੇ) ਨਾਲ ਹੀ ਪੈਦਾ ਹੁੰਦਾ ਹੈ; ਇਹ ਵੀ (ਆਖ਼ਰ) ਨਾਲ ਨਹੀਂ ਜਾਂਦਾ ॥੧॥ ਠਹਿਰਾਉ ॥

(Look!) This (body) which is born along with the human being; this also does not go with him (in the end). ||1|| Pause.||

(देखो,) जो (मनुष्य का) शरीर उस के साथ पैदा होता है, वह भी अंत में उसके साथ नहीं जाता ॥१॥ विराम॥

**ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥**

**मात पिता सुत बंध जन हितु जा सिउ कीना ॥**

(ਹੇ ਮਨ! ਵੇਖ,) ਮਾਂ, ਪਿਉ, ਪੁੱਤਰ, ਰਿਸ਼ਤੇਦਾਰ, ਜਿਨ੍ਹਾਂ ਨਾਲ ਮਨੁੱਖ (ਸਾਰੀ ਉਮਰ) ਪਿਆਰ ਕਰਦਾ ਰਹਿੰਦਾ ਹੈ,

(O mind! Look!) Mother, father, son, relatives, whom a man loves (all his life),

(हे मन! देखो,) माता, पिता, पुत्र, सगे-संबंधी, जिनसे मनुष्य जीवन भर प्रेम करता है,

**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥੧॥**

**जीउ छूटिओ जब देह ते डारि अगनि मै दीना ॥१॥**

ਜਦੋਂ ਜਿੰਦ ਸਰੀਰ ਵਿਚੋਂ ਵੱਖ ਹੁੰਦੀ ਹੈ, ਤਦੋਂ (ਉਹ ਸਾਰੇ ਰਿਸ਼ਤੇਦਾਰ, ਉਸ ਦੇ ਸਰੀਰ ਨੂੰ) ਅੱਗ ਵਿਚ ਪਾ ਦਿੰਦੇ ਹਨ ॥੧॥

when the soul separates from the body, then (all those relatives throw its body) into the fire. ||1||

जब आत्मा शरीर से अलग हो जाए, तब (वह सब सगे-संबंधी) उसके शरीर को अग्नि में डाल देते हैं ॥१॥

**ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥**

**जीवत लउ बिउहारु है जग कउ तुम जानउ ॥**

(ਹੇ ਮਨ!) ਜਗਤ ਨੂੰ ਤੂੰ ਇਉਂ ਹੀ ਸਮਝ (ਕਿ ਇਥੇ) ਜ਼ਿੰਦਗੀ ਤਕ ਹੀ ਵਰਤਣ-ਵਿਹਾਰ ਰਹਿੰਦਾ ਹੈ।

(O mind!) You should understand that all the worldly dealings last only during our life.

(हे मन!) जगत को ऐसा समझ (कि यहाँ) मनुष्य का व्यवहार जीवन-प्रान्त तक ही रहता है।

**ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥੨॥੨॥**

**नानक हरि गुन गाइ लै सभ सुफन समानउ ॥२॥२॥**

ਹੇ ਨਾਨਕ! (ਆਖ ਕਿ) ਉਂਜ, ਇਹ ਸਾਰਾ ਸੁਪਨੇ ਵਾਂਗ ਹੀ ਹੈ। (ਇਸ ਵਾਸਤੇ ਜਦ ਤਕ ਜਿਉਂਦਾ ਹੈਂ) ਪਰਮਾਤਮਾ ਦੇ ਗੁਣ ਗਾਂਦਾ ਰਹੁ ॥੨॥੨॥

O Nanak! (Say that) all this is just like a dream. (Therefore as long as you are alive) keep singing the praises of God. ||2||2||

हे नानक! (कहो) "हालाँकि, यह सब स्वप्न के समान है। (इसलिए, जब तक तुम जीवित रहो,) ईश्वर का गुणगान करो!" ॥२॥२॥

**ਤਿਲੰਗ ਮਹਲਾ ੯ ॥**

**तिलंग महला ९ ॥**

ਰਾਗ ਤਿਲੰਗ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Ṫilang.

राग तिलंग में श्री गुरु तेग बहादुर जी की वाणी।

**ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥**

**हरि जसु रे मना गाइ लै जो संगी है तेरो ॥**

ਹੇ ਮਨ! ਪਰਮਾਤਮਾ ਦੀ ਸਿਫ਼ਤ-ਸਲਾਹ ਦਾ ਗੀਤ ਗਾਇਆ ਕਰ, ਇਹ ਮਹਿਮਾ ਹੀ ਤੇਰਾ ਅਸਲੀ ਸਾਥੀ ਹੈ।

O mind! Sing songs of glorious praises of God, only this is your real companion.

हे मन! प्रभु की महिमा का गीत गा, यही महिमा तेरी सच्ची साथी है।

**ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥**

**अउसरु बीतिओ जातु है कहिओ मान लै मेरो ॥१॥ रहाउ ॥**

ਮੇਰਾ ਬਚਨ ਮੰਨ ਲੈ। ਉਮਰ ਦਾ ਸਮਾ ਲੰਘਦਾ ਜਾ ਰਿਹਾ ਹੈ ॥੧॥ ਠਹਿਰਾਉ ॥

Take my word! Your life is passing by. ||1|| Pause.||

मेरी बात मानो। जीवन का समय बीत रहा है ॥१॥ विराम॥

**ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥**

**स्मपति रथ धन राज सिउ अति नेहु लगाइओ ॥**

(ਹੇ ਮਨ!) ਮਨੁੱਖ ਧਨ-ਪਦਾਰਥ, ਰਥ, ਮਾਲ, ਰਾਜ ਨਾਲ ਬੜਾ ਮੋਹ ਕਰਦਾ ਹੈ।

(O mind!) Man is very much in love with wealth, chariots, goods and kingdom.

(हे मन!) मनुष्य धन, रथ, सम्पत्ति तथा राज्य में बहुत आसक्त रहता है।

**ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ ॥੧॥**

**काल फास जब गलि परी सभ भइओ पराइओ ॥१॥**

ਪਰ ਜਦੋਂ ਮੌਤ ਦੀ ਫਾਹੀ (ਉਸ ਦੇ) ਗਲ ਵਿਚ ਪੈਂਦੀ ਹੈ, ਹਰੇਕ ਚੀਜ਼ ਬਿਗਾਨੀ ਹੋ ਜਾਂਦੀ ਹੈ ॥੧॥
But when the noose of death falls around his neck, everything becomes alien. ||1||
परन्तु जब मृत्यु का फंदा उसके गले में पड़ता है, तो सब कुछ पराया हो जाता है ॥१॥

**ਜਾਨਿ ਬੂਝ ਕੈ ਬਾਵਰੇ. ਤੈ ਕਾਜੁ ਬਿਗਾਰਿਓ ॥**
**जानि बूझ कै बावरे तै काजु बिगारिओ ॥**
ਹੇ ਝੱਲੇ ਮਨੁੱਖ! ਇਹ ਸਭ ਕੁਝ ਜਾਣਦਾ ਹੋਇਆ ਸਮਝਦਾ ਹੋਇਆ ਵੀ ਤੂੰ ਆਪਣਾ ਕੰਮ ਵਿਗਾੜ ਰਿਹਾ ਹੈਂ।
Hey fool! Even after knowing and understanding all this, you are ruining the aim of your life.
अरे मूर्ख! यह सब जानते तथा समझते हुए भी तू अपना काम बिगाड़ रहा है।

**ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥**
**पाप करत सुकचिओ नही नह गरबु निवारिओ ॥२॥**
ਤੂੰ ਪਾਪ ਕਰਦਾ (ਕਦੇ) ਸੰਗਦਾ ਨਹੀਂ, ਤੂੰ (ਇਸ ਧਨ-ਪਦਾਰਥ ਦਾ) ਮਾਣ ਵੀ ਦੂਰ ਨਹੀਂ ਕਰਦਾ ॥੨॥
You do not (ever) hesitate in committing sins, you also do not eradicate the pride (of your wealth). ||2||
तुम पाप करके कभी पश्चाताप नहीं करते, न ही (इस धन का) अभिमान त्यागते हो ॥२॥

**ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥**
**जिह बिधि गुर उपदेसिआ सो सुनु रे भाई ॥**
ਹੇ ਭਾਈ! ਗੁਰੂ ਨੇ (ਮੈਨੂੰ) ਜਿਸ ਤਰ੍ਹਾਂ ਉਪਦੇਸ਼ ਕੀਤਾ ਹੈ, ਉਹ (ਤੂੰ ਵੀ) ਸੁਣ ਲੈ।
O Brother! Listen to the teachings imparted to me by the Guru.
हे भाई! गुरु ने मुझे जो सिखाया है, उसे सुनो।

**ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥**
**नानक कहत पुकारि कै गहु प्रभ सरनाई ॥३॥३॥**
ਨਾਨਕ (ਤੈਨੂੰ) ਪੁਕਾਰ ਕੇ ਆਖਦਾ ਹੈ-(ਕਿ) ਪ੍ਰਭੂ ਦੀ ਸਰਨ ਪਿਆ ਰਹੁ (ਸਦਾ ਪ੍ਰਭੂ ਦਾ ਨਾਮ ਜਪਿਆ ਕਰ) ॥੩॥੩॥
Nanak loudly requests you to stay in the sanctuary of the Lord (always chant the Name of the Lord). ||3||3||
नानक तुम्हें पुकारकर कहते हैं, "प्रभु की शरण लो (सदैव प्रभु का नाम जपो)" ॥३॥३॥

**ਰਾਗੁ ਬਿਲਾਵਲੁ ਮਹਲਾ ੯ ਦੁਪਦੇ**
**रागु बिलावलु महला ९ दुपदे**
ਰਾਗ ਬਿਲਾਵਲੁ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਦੋ-ਬੰਦਾਂ ਵਾਲੀ ਬਾਣੀ।
Guru Tegh Bahadur's two-line verses in Musical Bilaval.
राग बिलावलु की धुन में श्री गुरु तेग बहादुर जी का दो छंद वाला भजन।

**Page 830**

**ੴ ਸਤਿਗੁਰ ਪ੍ਰਸਾਦਿ ॥**
**ੴ सतिगुर प्रसादि ॥**
ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।
Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

**ਦੁਖ ਹਰਤਾ ਹਰਿ ਨਾਮੁ ਪਛਾਨੋ ॥**

**दुख हरता हरि नामु पछानो ॥**

(ਹੇ ਇਨਸਾਨ!) ਇਹ ਨਾਮ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ। ਆਪਣੇ ਹਿਰਦੇ ਵਿਚ ਉਸ ਹਰਿ-ਨਾਮ ਨਾਲ ਜਾਣ-ਪਛਾਣ ਬਣਾਈ ਰੱਖ,

(O man!) Keep connection with the Name of God that is the dispeller all sorrows.

(हे मनुष्य!) अपने हृदय में हरि-नाम का परिचय बनाए रखो जो दुखों का नाश करने वाला है।

**ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥**

**अजामलु गनिका जिह सिमरत मुकत भए जीअ जानो ॥१॥ रहाउ ॥**

ਜਿਸ ਨਾਮ ਨੂੰ ਸਿਮਰਦਿਆਂ-ਸਿਮਰਦਿਆਂ ਅਜਾਮਲ ਤੇ ਗਨਿਕਾ ਵਿਕਾਰਾਂ ਤੋਂ ਮੁਕਤ ਹੋ ਗਏ। ਤੂੰ ਵੀ ਪਰਮਾਤਮਾ ਦੇ ਨਾਮ ਨਾਲ ਸਾਂਝ ਪਾਈ ਰੱਖ! ॥੧॥ ਠਹਿਰਾਉ ॥

Ajamal and (prostitute) Ganika got rid of all vices by remembering (chanting) the Name of God, you too should do the same! ||1|| Pause.||

नाम स्मरण से अजामल तथा गणिका विकारों से मुक्त हो गए। तुम भी भगवान के नाम का ध्यान करते रहो ॥१॥ विराम॥

**ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥**

**गज की त्रास मिटी छिनहू महि जब ही रामु बखानो ॥**

ਜਦੋਂ ਗਜ ਨੇ ਪਰਮਾਤਮਾ ਦਾ ਨਾਮ ਉਚਾਰਿਆ, ਉਸ ਦੀ ਬਿਪਤਾ ਵੀ ਇਕ ਛਿਨ ਵਿਚ ਹੀ ਦੂਰ ਹੋ ਗਈ।

O man! When elephant (Gaj) recited the Name of God, his problem also got resolved in a moment.

जब गज-हाथी ने भगवान का नाम लिया तो उसका संकट क्षण भर में दूर हो गया।

**ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥੧॥**

**नारद कहत सुनत ध्रूअ बारिक भजन माहि लपटानो ॥१॥**

ਨਾਰਦ ਦਾ ਕੀਤਾ ਹੋਇਆ ਉਪਦੇਸ਼ ਸੁਣਦਿਆਂ ਬਾਲਕ ਧਰੂ ਪਰਮਾਤਮਾ ਦੇ ਭਜਨ ਵਿਚ ਮਸਤ ਹੋ ਗਿਆ ॥੧॥

Dhruva got absorbed in the meditation of God (recitation of God’s Name) on hearing the teachings given by Narad. ||1||

नारद जी का उपदेश सुनकर बालक ध्रुव भगवान के भजन में मग्न हो गया ॥१॥

**ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥**

**अचल अमर निरभै पदु पाइओ जगत जाहि हैरानो ॥**

(ਹਰਿ-ਨਾਮ ਦੇ ਭਜਨ ਦੀ ਬਰਕਤ ਨਾਲ ਧਰੂ ਨੇ) ਐਸਾ ਆਤਮਕ ਦਰਜਾ ਪ੍ਰਾਪਤ ਕਰ ਲਿਆ ਜੋ ਸਦਾ ਲਈ ਅਟੱਲ ਤੇ ਅਮਰ ਹੋ ਗਿਆ। ਉਸ ਨੂੰ ਵੇਖ ਕੇ ਦੁਨੀਆ ਹੈਰਾਨ ਹੋ ਰਹੀ ਹੈ।

(Dhruva achieved such a spiritual status due to the blessing of recitation of God’s Name that) he became fearless and immortal forever. The world is surprised to know about him.

(भगवान के नाम के जाप के आशीर्वाद से, ध्रुव) ने ऐसी आध्यात्मिक स्थिति प्राप्त की कि वह शाश्वत तथा अमर हो गया। दुनिया उसे देखकर आश्चर्यचकित है।

**ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥੨॥੧॥**

**नानक कहत भगत रछक हरि निकटि ताहि तुम मानो ॥२॥१॥**

ਨਾਨਕ ਆਖਦਾ ਹੈ ਕਿ (ਹੇ ਇਨਸਾਨ!) ਤੂੰ ਵੀ ਉਸ ਪਰਮਾਤਮਾ ਨੂੰ ਸਦਾ ਆਪਣੇ ਅੰਗ-ਸੰਗ ਵੱਸਦਾ ਸਮਝ, ਉਹ ਪਰਮਾਤਮਾ ਆਪਣੇ ਭਗਤਾਂ ਦੀ ਰੱਖਿਆ ਕਰਨ ਵਾਲਾ ਹੈ ॥੨॥੧॥

Nanak says that (O man!) you too should consider that God always remains with you, that God is the protector of his devotees. ||2||1||
नानक कहते हैं, "(हे मनुष्य!) तुम भी उस ईश्वर को अपने भीतर ही सदा निवास करने वाला मानो। वह ईश्वर अपने भक्तों का रक्षक है" ॥२॥१॥

## ਬਿਲਾਵਲੁ ਮਹਲਾ ੯ ॥

**बिलावलु महला ९ ॥**
ਰਾਗ ਬਿਲਾਵਲ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Bilaval.
राग बिलावल में श्री गुरु तेग बहादुर जी की वाणी।

## ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥

**हरि के नाम बिना दुखु पावै ॥**
(ਹੇ ਇਨਸਾਨ!) ਪਰਮਾਤਮਾ ਦੇ ਨਾਮ (ਸਿਮਰਨ) ਤੋਂ ਬਿਨਾ ਮਨੁੱਖ ਦੁੱਖ ਸਹਾਰਦਾ ਰਹਿੰਦਾ ਹੈ।
(O man!) Without (remembering) the Name of God, man continues to suffer.
(हे मनुष्य!) परमात्मा के नाम (स्मरण) के बिना मनुष्य दुःख भोगता रहता है।

## ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥

**भगति बिना सहसा नह चूकै गुरु इहु भेदु बतावै ॥१॥ रहाउ ॥**
ਗੁਰੂ (ਜੀਵਨ-ਮਾਰਗ ਦੀ) ਇਹ ਡੂੰਘੀ ਗੱਲ ਦੱਸਦਾ ਹੈ, ਕਿ ਪਰਮਾਤਮਾ ਦੀ ਭਗਤੀ ਕਰਨ ਤੋਂ ਬਿਨਾ ਮਨੁੱਖ ਦਾ ਸਹਿਮ ਖ਼ਤਮ ਨਹੀਂ ਹੁੰਦਾ ॥੧॥ ਠਹਿਰਾਉ ॥
Guru tells this profound secret (of the way of life) that without worshipping God, man's fear (doubt) is not dispelled. ||1|| Pause.||
जीवन पथ के गुरु हमें यह गहन सत्य बताते हैं कि भगवान की भक्ति के बिना मनुष्य का भय समाप्त नहीं होता ॥१॥ विराम॥

## ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥

**कहा भइओ तीरथ ब्रत कीए राम सरनि नही आवै ॥**
ਜੇ ਮਨੁੱਖ ਪਰਮਾਤਮਾ ਦੀ ਸਰਨ ਨਹੀਂ ਪੈਂਦਾ, ਤਾਂ ਉਸ ਦੇ ਤੀਰਥ-ਜਾਤ੍ਰਾ ਕਰਨ ਦਾ ਕੋਈ ਲਾਭ ਨਹੀਂ, ਵਰਤ ਰੱਖਣ ਦਾ ਕੋਈ ਫਾਇਦਾ ਨਹੀਂ।
If a man does not take refuge in God, then there is no benefit in going on pilgrimage or of fasting.
यदि मनुष्य भगवान की शरण में नहीं जाता तो उसके तीर्थयात्रा तथा व्रत-उपवास से कोई लाभ नहीं है।

**Page 831**

## ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥

**जोग जग निहफल तिह मानउ जो प्रभ जसु बिसरावै ॥१॥**
ਜੇਹੜਾ ਮਨੁੱਖ ਪਰਮਾਤਮਾ ਦੀ ਸਿਫ਼ਤ-ਸਲਾਹ ਭੁਲਾ ਦਿੰਦਾ ਹੈ, ਮੈਂ ਸਮਝਦਾ ਹਾਂ ਕਿ ਉਸ ਦੇ ਜੋਗ-ਸਾਧਨ ਅਤੇ ਜੱਗ (ਆਦਿ ਕਰਮ ਸਭ) ਵਿਅਰਥ ਹਨ ॥੧॥
Believe that the person who forgets to do glorious praises of God, all his yogic practices, rituals and sacrificial feasts (& other such deeds) are in vain. ||1||
जो मनुष्य भगवान की महिमा को भूल जाता है, उसके साधन तथा सांसारिक कार्य व्यर्थ हैं ॥१॥

## ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥

**मान मोह दोनो कउ परहरि गोबिंद के गुन गावै ॥**

ਜੇਹੜਾ ਮਨੁੱਖ ਅਹੰਕਾਰ ਅਤੇ ਮਾਇਆ ਦਾ ਮੋਹ ਛੱਡ ਕੇ ਪਰਮਾਤਮਾ ਦੀ ਸਿਫ਼ਤ-ਸਲਾਹ ਦੇ ਗੀਤ ਗਾਂਦਾ ਰਹਿੰਦਾ ਹੈ,

The man who gives up his ego and attachment to Maya (worldly entanglements) and keeps singing the songs of God's glory,

जो व्यक्ति अहंकार तथा माया के प्रति आसक्ति को त्याग देता है तथा भगवान की महिमा का गान करता रहता है,

## ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥

**कहु नानक इह बिधि को प्रानी जीवन मुकति कहावै ॥२॥२॥**

ਨਾਨਕ ਆਖਦਾ ਹੈ ਕਿ ਜੇਹੜਾ ਮਨੁੱਖ ਇਸ ਕਿਸਮ ਦਾ ਜੀਵਨ ਬਿਤੀਤ ਕਰਨ ਵਾਲਾ ਹੈ, ਉਹ ਜੀਵਨ-ਮੁਕਤ ਅਖਵਾਉਂਦਾ ਹੈ (ਉਹ ਮਨੁੱਖ ਉਸ ਸ਼੍ਰੇਣੀ ਵਿਚੋਂ ਗਿਣਿਆ ਜਾਂਦਾ ਹੈ, ਜੇਹੜੇ ਇਸ ਜ਼ਿੰਦਗੀ ਵਿਚ ਵਿਕਾਰਾਂ ਦੀ ਪਕੜ ਤੋਂ ਬਚੇ ਰਹਿੰਦੇ ਹਨ) ॥੨॥੨॥

Nanak says that the person who lives this kind of life is called liberated of vices (while alive) (he is counted in the category of those who remain free from the clutches of vices in this life). ||2||2||

नानक कहते हैं कि जो व्यक्ति इस प्रकार का जीवन जीता है वह जीवन से मुक्त हो जाता है। ऐसा कहा जाता है (वह व्यक्ति उन लोगों में गिना जाता है जो इस जीवन में विकारों की पकड़ से मुक्त रहते हैं) ॥२॥२॥

## ਬਿਲਾਵਲੁ ਮਹਲਾ ੯ ॥

**बिलावलु महला ९ ॥**

ਰਾਗ ਬਿਲਾਵਲ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Bilaval.

राग बिलावल में श्री गुरु तेग बहादुर जी की वाणी।

## ਜਾ ਮੈ ਭਜਨੁ ਰਾਮ ਕੋ ਨਾਹੀ ॥

**जा मै भजनु राम को नाही ॥**

(ਹੇ ਇਨਸਾਨ!) ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦੇ ਨਾਮ ਦਾ ਭਜਨ ਨਹੀਂ ਹੈ,

(O man!) The man who does not recite the Name of God,

(हे मनुष्य!) जिस मनुष्य के भीतर भगवान का नाम-स्मरण नहीं है,

## ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥

**तिह नर जनमु अकारथु खोइआ यह राखहु मन माही ॥१॥ रहाउ ॥**

ਇਹ ਗੱਲ ਪੱਕੀ ਚੇਤੇ ਰੱਖੋ ਕਿ ਉਸ ਮਨੁੱਖ ਨੇ ਆਪਣੀ ਜ਼ਿੰਦਗੀ ਵਿਅਰਥ ਹੀ ਗਵਾ ਲਈ ਹੈ ॥੧॥ ਠਹਿਰਾਉ ॥

know this for sure in your mind that that man has wasted his life in vain. ||1|| Pause.||

यह दृढ़ता से याद रखो कि उस आदमी ने अपना जीवन व्यर्थ खो दिया है ॥१॥ विराम॥

## ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥

**तीरथ करै ब्रत फुनि राखै नह मनूआ बसि जा को ॥**

ਜਿਸ ਮਨੁੱਖ ਦਾ ਮਨ ਆਪਣੇ ਵੱਸ ਵਿਚ ਨਹੀਂ ਹੈ, ਉਹ ਭਾਵੇਂ ਤੀਰਥਾਂ ਦੇ ਇਸ਼ਨਾਨ ਕਰਦਾ ਹੈ ਵਰਤ ਵੀ ਰੱਖਦਾ ਹੈ,

Whether he takes bath in holy places or even observes fasts, but if his mind is not under his control,

जिस मनुष्य का मन उसके वश में नहीं है, वह चाहे तीर्थों में स्नान करें, व्रत रखे,

**ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥੧॥**

**निहफल धरमु ताहि तुम मानहु साचु कहत मै या कउ ॥१॥**

ਪਰ ਤੁਸੀਂ (ਇਹ ਤੀਰਥ ਵਰਤ ਆਦਿ ਵਾਲਾ) ਉਸ ਦਾ ਧਰਮ ਵਿਅਰਥ ਸਮਝੋ। ਮੈਂ ਅਜਿਹੇ ਮਨੁੱਖ ਨੂੰ ਵੀ ਇਹ ਸੱਚੀ ਗੱਲ ਆਖ ਦਿੰਦਾ ਹਾਂ ॥੧॥

consider his religious practices (of pilgrimages, fasts etc.) useless. I tell this truth to such a person. ||1||

परन्तु (जो तीर्थ तथा व्रत आदि का पालन करता है) तू उसका धर्म व्यर्थ समझ, ऐसे मनुष्य को भी मैं यह सत्य बात कहता हूँ ॥१॥

**ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥**

**जैसे पाहनु जल महि राखिओ भेदै नाहि तिह पानी ॥**

ਜਿਵੇਂ ਪੱਥਰ ਪਾਣੀ ਵਿਚ ਰੱਖਿਆ ਹੋਇਆ ਹੋਵੇ, ਉਸ ਨੂੰ ਪਾਣੀ ਵਿੰਨ੍ਹ ਨਹੀਂ ਸਕਦਾ। (ਪਾਣੀ ਉਸ ਉਤੇ ਅਸਰ ਨਹੀਂ ਕਰ ਸਕਦਾ),

Like a stone placed in water is no affected by it,

जैसे पत्थर को पानी में डाल दिया जाए तो पानी उसे छेद नहीं सकता। (पानी उस पर असर नहीं कर सकता)

**ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥**

**तैसे ही तुम ताहि पछानहु भगति हीन जो प्रानी ॥२॥**

ਇਹੋ ਜਿਹਾ ਹੀ ਤੁਸੀਂ ਉਸ ਮਨੁੱਖ ਨੂੰ ਸਮਝੋ ਜੋ ਪ੍ਰਭੂ ਦੀ ਭਗਤੀ ਤੋਂ ਵਾਂਝਿਆਂ ਰਹਿੰਦਾ ਹੈ ॥੨॥

in this manner you should consider that person to be deprived of devotion to the Lord. ||2||

इसी प्रकार उस व्यक्ति पर भी विचार करो जो भगवान की भक्ति से वंचित रह जाता है ॥२॥

**ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥**

**कल मै मुकति नाम ते पावत गुरु यह भेदु बतावै ॥**

ਗੁਰੂ ਜ਼ਿੰਦਗੀ ਦਾ ਇਹ ਰਾਜ਼ ਦੱਸਦਾ ਹੈ ਕਿ ਮਨੁਖਾ ਜੀਵਨ ਵਿਚ ਇਨਸਾਨ ਪਰਮਾਤਮਾ ਦੇ ਨਾਮ ਦੀ ਰਾਹੀਂ ਹੀ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰ ਸਕਦਾ ਹੈ।

Guru tells this secret of life that (in human life), a man can get freedom from vices only through the recitation of the Name of God.

गुरु जीवन का यह रहस्य बताते हैं कि मानव जीवन में केवल भगवान के नाम से ही विकारों से मुक्ति मिल सकती है।

**ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥**

**कहु नानक सोई नरु गरूआ जो प्रभ के गुन गावै ॥३॥३॥**

ਨਾਨਕ ਆਖਦਾ ਹੈ ਕਿ ਉਹੀ ਮਨੁੱਖ ਆਦਰ-ਜੋਗ ਹੈ ਜੇਹੜਾ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ ॥੩॥੩॥ ❂ਨੋਟ: ਬਿਲਾਵਲ ਰਾਗ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਇਹ ਤਿੰਨ ਸ਼ਬਦ ਹਨ।

Nanak says that only that person is worthy of respect who keeps singing the praises of God. ||3||3||

नानक कहते हैं कि वह व्यक्ति सम्मान के योग्य है जो ईश्वर का गुणगान करता रहता है ॥३॥३॥ नोट: श्री गुरु तेग बहादुर जी साहिब के ये तीन शब्द बिलावल राग में हैं।

Page 901

**ੴ ਸਤਿਗੁਰ ਪ੍ਰਸਾਦਿ ॥**

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.
ईश्वर एक है तथा वह सतगुरु की कृपा से मिलता है।

**ਰਾਗੁ ਰਾਮਕਲੀ ਮਹਲਾ ੯ ਤਿਪਦੇ ॥**
**रागु रामकली महला ९ तिपदे ॥**
ਰਾਗ ਰਾਮਕਲੀ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਤਿਨ-ਬੰਦਾਂ ਵਾਲੀ ਬਾਣੀ।
Guru Tegh Bahadur's three-line hymn in Musical Ramkalee.
राग रामकली में श्री गुरु तेग बहादुर जी का तीन पंक्तियों वाला भजन।

**ਰੇ ਮਨ ਓਟ ਲੇਹੁ ਹਰਿ ਨਾਮਾ ॥**
**रे मन ओट लेहु हरि नामा ॥**
ਹੇ (ਮੇਰੇ) ਮਨ! ਪਰਮਾਤਮਾ ਦੇ ਨਾਮ ਦਾ ਆਸਰਾ ਲਿਆ ਕਰ,
O (my) mind! Take refuge in the Name of God,
हे मेरे मन! भगवान के नाम की शरण ले,

**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ ॥੧॥ ਰਹਾਉ ॥**
**जा कै सिमरनि दुरमति नासै पावहि पदु निरबाना ॥१॥ रहाउ ॥**
ਜਿਸ ਨਾਮ ਦੇ ਸਿਮਰਨ ਨਾਲ ਖੋਟੀ ਮੱਤ ਨਾਸ ਹੋ ਜਾਂਦੀ ਹੈ, (ਨਾਮ ਦੀ ਬਰਕਤ ਨਾਲ) ਤੂੰ ਉਹ ਆਤਮਕ ਦਰਜਾ ਹਾਸਲ ਕਰ ਲਏਂਗਾ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ ॥੧॥ ਠਹਿਰਾਉ ॥
By remembering the Name (of God), useless intellect gets destroyed; (by the blessing of the Name) you will attain that spiritual state where no desire can reach. ||1|| Pause.||
नाम के स्मरण से दुष्ट बुद्धि नष्ट हो जाती है, (नाम की कृपा से), तुम उस आध्यात्मिक अवस्था को प्राप्त करोगे, जहाँ कोई भी वासना नहीं पहुँच सकती ॥१॥ विराम।

**ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ ॥**
**बडभागी तिह जन कउ जानहु जो हरि के गुन गावै ॥**
ਹੇ (ਮੇਰੇ) ਮਨ! ਜਿਹੜਾ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ ਉਸ ਨੂੰ ਵੱਡੇ ਭਾਗਾਂ ਵਾਲਾ ਸਮਝ।
(O my mind!) Consider that man who sings the praises of God as one with great fortune,
हे मेरे मन! जो व्यक्ति भगवान का गुणगान करता है, उसे तू बड़ा भाग्यशाली समझ।

**ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ ॥੧॥**
**जनम जनम के पाप खोइ कै फुनि बैकुंठि सिधावै ॥१॥**
ਉਹ ਮਨੁੱਖ ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਕੇ ਫਿਰ ਬੈਕੁੰਠ ਵਿਚ ਜਾ ਪਹੁੰਚਦਾ ਹੈ ॥੧॥
that person, after removing the sins of many births, reaches heaven again. ||1||
वह मनुष्य अनेक जन्मों के पापों को नष्ट करके फिर स्वर्ग में पहुंचता है ॥१॥

Page 902

**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥**
**अजामल कउ अंत काल महि नाराइन सुधि आई ॥**
(ਹੇ ਮੇਰੇ ਮਨ! ਵੇਖ, ਪੁਰਾਣੀ ਪ੍ਰਸਿੱਧ ਕਥਾ ਹੈ ਕਿ) ਅਖੀਰਲੇ ਵੇਲੇ (ਪਾਪੀ) ਅਜਾਮਲ ਨੂੰ ਪਰਮਾਤਮਾ ਦੇ ਨਾਮ ਦੀ ਸੁਝ ਆ ਗਈ,
(O my mind! See, there is an old famous story that) at the last moment (the sinner) Aajamal remembered the Name of God,

(हे मेरे मन! देख, एक पुरानी तथा प्रसिद्ध कथा है कि) अन्त समय में (पापी) अजामल को भगवान का नाम ज्ञात हो गया,

**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥੨॥**

**जां गति कउ जोगीसुर बाछत सो गति छिन महि पाई ॥२॥**

ਉਸ ਨੇ ਉਹ ਉੱਚੀ ਆਤਮਕ ਅਵਸਥਾ ਇਕ ਪਲਕ ਵਿਚ ਹਾਸਲ ਕਰ ਲਈ, ਜਿਸ ਆਤਮਕ ਅਵਸਥਾ ਨੂੰ ਵੱਡੇ-ਵੱਡੇ ਜੋਗੀ ਤਾਂਘਦੇ ਰਹਿੰਦੇ ਹਨ ॥੨॥

and the in a moment he attained that high spiritual state, for which great yogis yearn. ||2||

उन्होंने क्षण भर में ही वह उच्च आध्यात्मिक अवस्था प्राप्त कर ली, जिस आध्यात्मिक अवस्था के लिए बड़े-बड़े योगी तरसते हैं ॥२॥

**ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ ॥**

**नाहिन गुनु नाहिन कछु बिदिआ धरमु कउनु गजि कीना ॥**

ਹੇ ਮੇਰੇ ਮਨ! ਗਜ ਦੀ ਕਥਾ ਵੀ ਸੁਣ। ਗਜ ਵਿਚ) ਨਾ ਕੋਈ ਗੁਣ ਸੀ, ਨਾ ਹੀ ਉਸ ਨੂੰ ਕੋਈ ਵਿੱਦਿਆ ਪ੍ਰਾਪਤ ਸੀ। (ਉਸ ਵਿਚਾਰੇ) ਗਜ ਨੇ ਕਿਹੜਾ ਧਾਰਮਿਕ ਕੰਮ ਕਰਨਾ ਸੀ?

(O my mind! Listen to the story of Gaj-elephant too!) The elephant had neither any virtue nor did it have any knowledge. What religious work was (that poor) elephant supposed to do?

(हे मेरे मन! गज-हाथी की कथा भी सुन ले!) गज में न कोई गुण था, न कोई शिक्षा थी। गज को कौन-सा धार्मिक कार्य करना था?

**ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ ॥੩॥੧॥**

**नानक बिरदु राम का देखहु अभै दानु तिह दीना ॥३॥१॥**

ਹੇ ਨਾਨਕ! ਪਰ ਵੇਖ ਪਰਮਾਤਮਾ ਦਾ ਮੁੱਢ-ਕਦੀਮਾਂ ਦਾ ਸੁਭਾਉ, ਪਰਮਾਤਮਾ ਨੇ ਉਸ ਗਜ ਨੂੰ ਨਿਰਭੈਤਾ ਦੀ ਪਦਵੀ ਬਖ਼ਸ਼ ਦਿੱਤੀ ॥੩॥੧॥

O Nanak! But see the innate nature of God, God blessed that elephant with the status of fearlessness. ||3||1||

हे नानक! परन्तु देखो, ईश्वर का मूल स्वभाव, ईश्वर ने उस गज को अभय का पद प्रदान किया है ॥३॥१॥

**ਰਾਮਕਲੀ ਮਹਲਾ ੯ ॥**

**रामकली महला ९ ॥**

ਰਾਗ ਰਾਮਕਲੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Ramkalee.

राग रामकली में श्री गुरु तेग बहादुर जी की वाणी।

**ਸਾਧੋ ਕਉਨ ਜੁਗਤਿ ਅਬ ਕੀਜੈ ॥**

**साधो कउन जुगति अब कीजै ॥**

ਹੇ ਸੰਤ ਜਨੋ! ਹੁਣ (ਇਸ ਮਨੁਖਾ ਜਨਮ ਵਿਚ ਉਹ) ਕਿਹੜੀ ਵਿਓਂਤ ਕੀਤੀ ਜਾਏ,

O holy persons! What solution should be adopted now (in this human life),

हे संतों! अब (इस मनुष्य जन्म में) क्या उपाय है?

**ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ ॥**

**जा ते दुरमति सगल बिनासै राम भगति मनु भीजै ॥१॥ रहाउ ॥**

ਜਿਸ ਦੇ ਕਰਨ ਨਾਲ (ਮਨੁੱਖ ਦੇ ਅੰਦਰੋਂ) ਸਾਰੀ ਖੋਟੀ ਮੱਤ ਨਾਸ ਹੋ ਜਾਏ, ਅਤੇ (ਮਨੁੱਖ ਦਾ) ਮਨ ਪਰਮਾਤਮਾ ਦੀ ਭਗਤੀ ਵਿਚ ਰਚ-ਮਿਚ ਜਾਏ? ॥੧॥ ਠਹਿਰਾਉ ॥

so that the bad intellect gets destroyed (from within a person) and the mind gets engaged in the devotion of God? ||1|| Pause.||

जिसके करने से (मनुष्य के भीतर से) सभी मिथ्या विश्वास नष्ट हो जाए तथा (मनुष्य का) मन भगवान की भक्ति में लग जाए? ॥१॥ विराम॥

**ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ ॥**

**मनु माइआ महि उरझि रहिओ है बूझै नह कछु गिआना ॥**

(ਹੇ ਸੰਤ ਜਨੋ! ਆਮ ਤੌਰ ਤੇ ਮਨੁੱਖ ਦਾ) ਮਨ ਮਾਇਆ (ਦੇ ਮੋਹ) ਵਿਚ ਉਲਝਿਆ ਰਹਿੰਦਾ ਹੈ, ਮਨੁੱਖ ਰਤਾ ਭਰ ਵੀ ਸਿਆਣਪ ਦੀ ਇਹ ਗੱਲ ਨਹੀਂ ਵਿਚਾਰਦਾ,

(O holy persons!) Generally the mind of man is entangled in Maya (worldly entanglements) and he does not think of spiritual wisdom,

(हे संत जनो! अक्सर मनुष्य का मन) माया के मोह में ही उलझा रहता है। मनुष्य इस ज्ञान की बात पर क्षण भर भी विचार नहीं करता।

**ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥**

**कउनु नामु जगु जा कै सिमरै पावै पदु निरबाना ॥१॥**

ਕਿ ਉਹ ਕਿਹੜਾ ਨਾਮ ਹੈ ਜਿਸ ਦਾ ਸਿਮਰਨ ਕਰਨ ਨਾਲ ਜਗਤ ਵਾਸਨਾ-ਰਹਿਤ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ ॥੧॥

Which is that Name by remembering which the people attain a desire-free spiritual state? ||1||

वह कौन सा नाम है जिसका स्मरण करने से संसार कामनाओं से मुक्त होकर आध्यात्मिक स्थिति को प्राप्त करता है? ॥१॥

**ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥**

**भए दइआल क्रिपाल संत जन तब इह बात बताई ॥**

ਜਦੋਂ ਸੰਤ ਜਨ (ਕਿਸੇ ਭਾਗਾਂ ਵਾਲੇ ਉਤੇ) ਦਇਆਵਾਨ ਹੁੰਦੇ ਹਨ ਕਿਰਪਾਲ ਹੁੰਦੇ ਹਨ, ਤਦੋਂ ਉਹ (ਉਸ ਮਨੁੱਖ ਨੂੰ) ਇਹ ਗੱਲ ਦੱਸਦੇ ਹਨ ਕਿ-

When saintly beings are kind and compassionate (to a fortunate person), then they tell (that person) this thing:

जब संतजन दयालु तथा कृपालु होते हैं, तब वे उससे कहते हैं:

**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥**

**सरब धरम मानो तिह कीए जिह प्रभ कीरति गाई ॥२॥**

ਜਿਸ ਮਨੁੱਖ ਨੇ ਪਰਮਾਤਮਾ ਦੀ ਸਿਫ਼ਤ-ਸਲਾਹ ਦਾ ਗੀਤ ਗਾਣਾ ਸ਼ੁਰੂ ਕਰ ਦਿੱਤਾ, ਇਉਂ ਮਿਥ ਲਵੋ ਕਿ ਉਸ ਨੇ ਸਾਰੇ ਹੀ ਧਾਰਮਿਕ ਕੰਮ ਕਰ ਲਏ ॥੨॥

The person who starts singing songs in praise of God, consider that he has completed all the religious deeds. ||2||

जिस व्यक्ति ने भगवान का गुणगान करना आरम्भ कर दिया है, समझो उसने सभी धार्मिक कार्य पूर्ण कर लिए हैं ॥२॥

**ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥**

**राम नामु नरु निसि बासुर महि निमख एक उरि धारै ॥**

(ਜਿਹੜਾ) ਮਨੁੱਖ ਦਿਨ ਰਾਤ ਵਿਚ ਅੱਖ ਦੇ ਇਕ ਫੋਰ ਲਈ ਵੀ ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਉਂਦਾ ਹੈ,
(The) man who keeps the Name of God in his heart even for a moment (the time of blinking of eye) during the day or night,
(जो) दिन हो या रात, पलक भर के लिए भी भगवान के नाम का हृदय में ध्यान करता है,

**ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥੨॥**

**जम को त्रासु मिटै नानक तिह अपुनो जनमु सवारै ॥३॥२॥**
ਹੇ ਨਾਨਕ! ਉਹ ਆਪਣਾ (ਮਨੁਖਾ) ਜਨਮ ਸਫਲ ਕਰ ਲੈਂਦਾ ਹੈ, ਉਸ ਮਨੁੱਖ ਦੇ ਦਿਲ ਵਿਚੋਂ ਮੌਤ ਦਾ ਸਹਿਮ ਦੂਰ ਹੋ ਜਾਂਦਾ ਹੈ ॥੩॥੨॥
O Nanak! He makes his (human) life successful; the fear of death vanishes from his heart. ||3||2||
हे नानक! वह अपना (मानव) जन्म सफल कर लेता है, उसके हृदय से मृत्यु का भय दूर हो जाता है ॥३॥२॥

**ਰਾਮਕਲੀ ਮਹਲਾ ੯ ॥**

**रामकली महला ९ ॥**
ਰਾਗ ਰਾਮਕਲੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Ramkalee.
राग रामकली में श्री गुरु तेग बहादुर जी की वाणी।

**ਪ੍ਰਾਨੀ ਨਾਰਾਇਨ ਸੁਧਿ ਲੇਹਿ ॥**

**प्रानी नाराइन सुधि लेहि ॥**
ਪਰਮਾਤਮਾ ਦੀ ਯਾਦ ਹਿਰਦੇ ਵਿਚ ਵਸਾਈ ਰੱਖ।
O man, keep the remembrance of God in your heart!
अपने हृदय में ईश्वर का स्मरण बनाए रखें।

**ਛਿਨੁ ਛਿਨੁ ਅਉਧ ਘਟੈ ਨਿਸਿ ਬਾਸੁਰ ਬ੍ਰਿਥਾ ਜਾਤੁ ਹੈ ਦੇਹ ॥੧॥ ਰਹਾਉ ॥**

**छिनु छिनु अउध घटै निसि बासुर ब्रिथा जातु है देह ॥१॥ रहाउ ॥**
(ਪ੍ਰਭੂ ਦੀ ਯਾਦ ਤੋਂ ਬਿਨਾ ਤੇਰਾ ਮਨੁਖਾ) ਸਰੀਰ ਵਿਅਰਥ ਜਾ ਰਿਹਾ ਹੈ। ਦਿਨੇ ਰਾਤ ਇਕ-ਇਕ ਛਿਨ ਕਰ ਕੇ ਤੇਰੀ ਉਮਰ ਘਟਦੀ ਜਾ ਰਹੀ ਹੈ ॥੧॥ ਠਹਿਰਾਉ ॥
Day and night, moment by moment, your age is decreasing. (without remembering the Lord) your human body is being waste. ||1|| Pause.||
दिन-रात तेरा जीवन पल-पल घट रहा है। (प्रभु स्मरण के बिना तेरा मानव) शरीर व्यर्थ जा रहा है ॥१॥ विराम॥

**ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ ॥**

**तरनापो बिखिअन सिउ खोइओ बालपनु अगिआना ॥**
(ਜੀਵ ਵੀ ਅਜਬ ਮੰਦਭਾਗੀ ਹੈ ਕਿ ਇਸ ਨੇ) ਜਵਾਨੀ (ਦੀ ਉਮਰ) ਵਿਸ਼ੇ-ਵਿਕਾਰਾਂ ਵਿਚ ਗਵਾ ਲਈ, ਬਾਲ-ਉਮਰ ਅਜਾਨ-ਪੁਣੇ ਵਿਚ (ਗਵਾ ਲਈ;
(This human creature is so unfortunate that it) has lost its youth in sensual pleasures and its childhood in ignorance.
(जीव भी विचित्र रूप से दुर्भाग्यशाली है) कि उसने अपना यौवन विषय-वासनाओं में तथा बचपन अज्ञानता में खो दिया है;

**ਬਿਰਧਿ ਭਇਓ ਅਜਹੂ ਨਹੀ ਸਮਝੈ ਕਉਨ ਕੁਮਤਿ ਉਰਝਾਨਾ ॥੧॥**

**बिरधि भइओ अजहू नही समझै कउन कुमति उरझाना ॥१॥**

ਹੁਣ) ਬੁੱਢਾ ਹੋ ਗਿਆ ਹੈ, ਪਰ ਅਜੇ ਵੀ ਨਹੀਂ ਸਮਝਦਾ। (ਪਤਾ ਨਹੀਂ ਇਹ) ਕਿਸ ਖੋਟੀ ਮੱਤ ਵਿਚ ਫਸਿਆ ਪਿਆ ਹੈ ॥੧॥

(Now) he has grown old, but still does not understand, what evil thoughts he is trapped in? ||1||

(अब) वह बूढ़ा हो गया है, फिर भी उसे समझ नहीं आती। (उसे नहीं मालूम) कि वह किस मिथ्या विश्वास में फंसा हुआ है ॥१॥

**ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥**

**मानस जनमु दीओ जिह ठाकुरि सो तै किउ बिसराइओ ॥**

ਹੇ ਪ੍ਰਾਣੀ! ਜਿਸ ਠਾਕੁਰ-ਪ੍ਰਭੂ ਨੇ (ਤੈਨੂੰ) ਮਨੁਖਾ ਜਨਮ ਦਿੱਤਾ ਹੋਇਆ ਹੈ, ਤੂੰ ਉਸ ਨੂੰ ਕਿਉਂ ਭੁਲਾ ਰਿਹਾ ਹੈਂ?

Why are you forgetting the Lord who gave you human birth?

जिस प्रभु ने तुझे मनुष्य जन्म दिया है, उसे तू क्यों भूल रहा है?

**ਮੁਕਤੁ ਹੋਤ ਨਰ ਜਾ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ ॥੨॥**

**मुकतु होत नर जा कै सिमरै निमख न ता कउ गाइओ ॥२॥**

ਹੇ ਨਰ! ਜਿਸ ਪਰਮਾਤਮਾ ਦਾ ਨਾਮ ਸਿਮਰਨ ਨਾਲ ਮਾਇਆ ਦੇ ਬੰਧਨਾਂ ਤੋਂ ਖ਼ਲਾਸੀ ਹੁੰਦੀ ਹੈ ਤੂੰ ਅੱਖ ਦੇ ਇਕ ਫੋਰ ਲਈ ਵੀ ਉਸ (ਦੀ ਮਹਿਮਾ) ਨੂੰ ਨਹੀਂ ਗਾਂਦਾ ॥੨॥

O man! Even for a glance you do not praise the God whose Name liberates one from the bondages of Maya. ||2||

हे मनुष्य! जिस प्रभु के नाम के स्मरण से मनुष्य पलक भर में भी माया के बंधनों से मुक्त हो जाता है, तू उस प्रभु का पल भर भी गुणगान नहीं करता ॥२॥

**ਮਾਇਆ ਕੋ ਮਦੁ ਕਹਾ ਕਰਤੁ ਹੈ. ਸੰਗਿ ਨ ਕਾਹੂ ਜਾਈ ॥**

**माइआ को मदु कहा करतु है संगि न काहू जाई ॥**

ਹੇ ਪ੍ਰਾਣੀ! ਕਿਉਂ ਮਾਇਆ ਦਾ (ਇਤਨਾ) ਮਾਣ ਤੂੰ ਕਰ ਰਿਹਾ ਹੈਂ? (ਇਹ ਤਾਂ) ਕਿਸੇ ਦੇ ਨਾਲ ਵੀ (ਅਖ਼ੀਰ ਵੇਲੇ) ਨਹੀਂ ਜਾਂਦੀ।

(Oh creature!) Why are you giving so much importance to Maya? (It) does not go with anyone (at the end).

हे मनुष्य! तू माया पर इतना गर्व क्यों करता है? (वह) किसी के साथ (अन्त में) नहीं जाती।

**ਨਾਨਕੁ ਕਹਤੁ ਚੇਤਿ ਚਿੰਤਾਮਨਿ ਹੋਇ ਹੈ ਅੰਤਿ ਸਹਾਈ ॥੩॥੩॥੮੧॥**

**नानकु कहतु चेति चिंतामनि होइ है अंति सहाई ॥३॥३॥८१॥**

ਨਾਨਕ ਆਖਦਾ ਹੈ ਕਿ ਪਰਮਾਤਮਾ ਦਾ ਸਿਮਰਨ ਕਰਦਾ ਰਹੁ। ਅੰਤ ਵੇਲੇ ਉਹ ਤੇਰਾ ਮਦਦਗਾਰ ਹੋਵੇਗਾ ॥੩॥੩॥੮੧॥

Nanak says that keep remembering God. He will help you at the end. ||3||3||81||

नानक कहते हैं, ईश्वर का ध्यान करते रहो। अंत में वही तुम्हारा सहायक होगा ॥३॥३॥८१॥

Page 1008

**ੴ ਸਤਿਗੁਰ ਪ੍ਰਸਾਦਿ ॥**

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

## ਮਾਰੂ ਮਹਲਾ ੯ ॥

**मारू महला ९ ॥**
ਰਾਗ ਮਾਰੂ ਵਿੱਚ ਤੇਗ ਬਹਾਦਰ ਜੀ ਦੀ ਬਾਣੀ।
Hymns of Sri Guru Teg Bahadur ji in Musical Maaroo.
राग मारू में श्री गुरु तेग बहादुर जी की वाणी।

## ਹਰਿ ਕੋ ਨਾਮੁ ਸਦਾ ਸੁਖਦਾਈ ॥

**हरि को नामु सदा सुखदाई ॥**
ਪਰਮਾਤਮਾ ਦਾ ਨਾਮ ਸਦਾ ਆਤਮਕ ਆਨੰਦ ਦੇਣ ਵਾਲਾ ਹੈ,
The Name of God always gives spiritual joy.
भगवान का नाम सदैव आध्यात्मिक आनंद का स्रोत है,

## ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥

**जा कउ सिमरि अजामलु उधरिओ गनिका हू गति पाई ॥१॥ रहाउ ॥**
ਜਿਸ ਨਾਮ ਨੂੰ ਸਿਮਰ ਕੇ ਅਜਾਮਲ ਵਿਕਾਰਾਂ ਤੋਂ ਬਚ ਗਿਆ ਸੀ, (ਇਸ ਨਾਮ ਨੂੰ ਸਿਮਰ ਕੇ) ਵੇਸੁਆ ਨੇ ਵੀ ਉੱਚੀ ਆਤਮਕ ਅਵਸਥਾ ਹਾਸਲ ਕਰ ਲਈ ਸੀ ॥੧॥ ਠਹਿਰਾਉ ॥
By remembering the God,s Name Aajamal was saved from all vices, similarly the prostitute Ganika also attained a high spiritual state. ||1|| Pause.||
जिस नाम का स्मरण करके अजामल पापों से बचा था, (उसी नाम का स्मरण करके) वह वेश्या ने भी उच्च आध्यात्मिक गति प्राप्त कर ली ॥१॥ विराम॥

## ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥

**पंचाली कउ राज सभा महि राम नाम सुधि आई ॥**
ਦੁਰਯੋਧਨ ਦੇ ਰਾਜ-ਦਰਬਾਰ ਵਿਚ ਦ੍ਰੋਪਦੀ ਨੇ (ਵੀ) ਪਰਮਾਤਮਾ ਦੇ ਨਾਮ ਦਾ ਧਿਆਨ ਧਰਿਆ ਸੀ,
In the court of Duryodhan, Draupadi (too) meditated on the Name of God.
दुर्योधन के दरबार में द्रौपदी ने भी भगवान के नाम का ध्यान किया था।

## ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥੧॥

**ता को दूखु हरिओ करुणा मै अपनी पैज बढाई ॥१॥**
ਤੇ, ਤਰਸ-ਸਰੂਪ ਪਰਮਾਤਮਾ ਨੇ ਉਸ ਦਾ ਦੁੱਖ ਦੂਰ ਕੀਤਾ ਸੀ, (ਤੇ ਇਸ ਤਰ੍ਹਾਂ) ਆਪਣਾ ਨਾਮਣਾ ਵਧਾਇਆ ਸੀ ॥੧॥
And the compassionate God had removed his sorrow and (thus) he enhanced his fame. ||1||
तथा दयालु भगवान ने उसके कष्ट दूर कर दिए थे, (तथा इस प्रकार) उसने अपना यश बढ़ाया था ॥१॥

## ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥

**जिह नर जसु किरपा निधि गाइओ ता कउ भइओ सहाई ॥**
ਜਿਨ੍ਹਾਂ ਵੀ ਬੰਦਿਆਂ ਨੇ ਕਿਰਪਾ ਦੇ ਖ਼ਜ਼ਾਨੇ ਪਰਮਾਤਮਾ ਦੀ ਸਿਫ਼ਤ-ਸਲਾਹ ਕੀਤੀ, ਪਰਮਾਤਮਾ ਉਹਨਾਂ ਨੂੰ ਮਦਦਗਾਰ (ਹੋ ਕੇ) ਬਹੁੜਿਆ।
Whosoever praised God, the treasure of grace, God came to help them.
जिन लोगों ने अनुग्रह के खजाने परमेश्वर की महिमा की, उन्हें परमेश्वर से बड़ी सहायता मिली।

## ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥੨॥੧॥

**कहु नानक मै इही भरोसै गही आनि सरनाई ॥२॥१॥**
ਨਾਨਕ ਆਖਦਾ ਹੈ ਕਿ ਮੈਂ ਵੀ ਇਸੇ ਹੀ ਭਰੋਸੇ ਤੇ ਆ ਕੇ ਪਰਮਾਤਮਾ ਦੀ ਹੀ ਸਰਨ ਲਈ ਹੈ ॥੨॥੧॥

Nanak says that with this confidence I too am taking the refuge of God. ||2||1||
नानक कहते हैं कि मैंने भी इसी विश्वास के साथ ईश्वर की शरण ली है ॥२॥१॥

**ਮਾਰੂ ਮਹਲਾ ੯ ॥**
**मारू महला ९ ॥**
ਰਾਗ ਮਾਰੂ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Maaroo.
राग मारू में श्री गुरु तेग बहादुर जी की वाणी।

**ਅਬ ਮੈ ਕਹਾ ਕਰਉ ਰੀ ਮਾਈ ॥**
**अब मै कहा करउ री माई ॥**
ਹੇ ਮਾਂ! (ਵੇਲਾ ਵਿਹਾ ਜਾਣ ਤੇ) ਹੁਣ ਮੈਂ ਕੀਹ ਕਰ ਸਕਦਾ ਹਾਂ? (ਭਾਵ, ਵੇਲਾ ਵਿਹਾ ਜਾਣ ਤੇ ਮਨੁੱਖ ਕੁਝ ਵੀ ਨਹੀਂ ਕਰ ਸਕਦਾ)।
O mother! (when the time has passed) what can I do now? (Meaning, man cannot do anything when the time has passed).
हे माता! (समय पूरा हो जाने पर) अब मैं क्या कर सकता हूँ? (अर्थात् जब समय पूरा हो जाता है तो मनुष्य कुछ भी नहीं कर सकता है)।

**ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ ॥੧॥ ਰਹਾਉ ॥**
**सगल जनमु बिखिअन सिउ खोइआ सिमरिओ नाहि कन्हाई ॥१॥ रहाउ ॥**
ਜਿਸ ਮਨੁੱਖ ਨੇ ਸਾਰੀ ਜ਼ਿੰਦਗੀ ਵਿਸ਼ੇ-ਵਿਕਾਰਾਂ ਵਿਚ ਗਵਾ ਲਈ, ਤੇ, ਪਰਮਾਤਮਾ ਦਾ ਸਿਮਰਨ ਕਦੇ ਵੀ ਨਾ ਕੀਤਾ (ਉਹ ਸਮਾ ਖੁੰਝ ਜਾਣ ਤੇ ਫਿਰ ਕੁਝ ਨਹੀਂ ਕਰ ਸਕਦਾ) ॥੧॥ ਠਹਿਰਾਉ ॥
The person who spent his whole life in sensual pleasures, and never remembered God (he cannot do anything after the time passes). ||1|| Pause.||
अपना पूरा जीवन भौतिकवादी गतिविधियों में बर्बाद कर दिया तथा कभी भी भगवान के नाम का स्मरण नहीं किया (वह समय बर्बाद करने के बाद फिर कुछ नहीं कर सकता) ॥१॥ विराम॥

**ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ ॥**
**काल फास जब गर महि मेली तिह सुधि सभ बिसराई ॥**
(ਹੇ ਮਾਂ!) ਜਦੋਂ ਯਮਰਾਜ (ਮਨੁੱਖ ਦੇ) ਗਲ ਵਿਚ ਮੌਤ ਦੀ ਫਾਹੀ ਪਾ ਦਿੰਦਾ ਹੈ, ਤਦੋਂ ਉਹ ਉਸ ਦੀ ਸਾਰੀ ਸੁਧ-ਬੁੱਧ ਭੁਲਾ ਦਿੰਦਾ ਹੈ।
(O Mother!) When Yamraj puts the net of death around (a man's) neck, then he makes him forget all his awareness.
(हे माता!) यमराज जब किसी के गले में मृत्यु का पाश डालते हैं, तो उसे उसकी सारी बुद्धि भुला देते हैं।

**ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ ॥੧॥**
**राम नाम बिनु या संकट महि को अब होत सहाई ॥१॥**
ਉਸ ਬਿਪਤਾ ਵਿਚ ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਕੋਈ ਵੀ ਮਦਦਗਾਰ ਨਹੀਂ ਬਣ ਸਕਦਾ (ਜਮਾਂ ਦੀ ਫਾਹੀ ਤੋਂ, ਆਤਮਕ ਮੌਤ ਤੋਂ ਸਹਿਮ ਤੋਂ ਸਿਰਫ ਹਰਿ-ਨਾਮ ਹੀ ਬਚਾਉਂਦਾ ਹੈ) ॥੧॥
In that calamity no one other than the Name of God can help (only the Name of God saves one from the from spiritual death). ||1||
उस विपत्ति में भगवान के नाम के अलावा कोई भी सहायता नहीं कर सकता (केवल भगवान का नाम ही संचय के जाल से, आध्यात्मिक मृत्यु से, भय से बचाता है) ॥१॥

**ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥**

**जो स्मपति अपनी करि मानी छिन महि भई पराई ॥**

ਹੇ ਮਾਂ! ਜਿਹੜੇ ਧਨ-ਪਦਾਰਥ ਨੂੰ ਮਨੁੱਖ ਸਦਾ ਆਪਣਾ ਸਮਝੀ ਰੱਖਦਾ ਹੈ (ਜਦੋਂ ਮੌਤ ਆਉਂਦੀ ਹੈ, ਉਹ ਧਨ-ਪਦਾਰਥ) ਇਕ ਖਿਨ ਵਿਚ ਬਿਗਾਨਾ ਹੋ ਜਾਂਦਾ ਹੈ।

(O Mother!) The wealth and property which a man always considers as his own (but when death comes, that wealth and property) becomes someone else's in a moment.

हे माता! जिस धन-पदार्थ को मनुष्य सदैव अपना मानता है (मृत्यु आने पर वह धन-पदार्थ) वह क्षण भर में पराया हो जाता है।

**ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ ॥੨॥੨॥**

**कहु नानक यह सोच रही मनि हरि जसु कबहू न गाई ॥२॥२॥**

ਨਾਨਕ ਆਖਦਾ ਹੈ ਕਿ ਉਸ ਵੇਲੇ ਮਨੁੱਖ ਦੇ ਮਨ ਵਿਚ ਇਹ ਪਛਤਾਵਾ ਰਹਿ ਜਾਂਦਾ ਹੈ ਕਿ ਪਰਮਾਤਮਾ ਦੀ ਸਿਫ਼ਤ-ਸਲਾਹ ਕਦੇ ਵੀ ਨਾ ਕੀਤੀ ॥੨॥੨॥

Nanak says that at that time there remains a regret in the man's mind that he never praised God. ||2||2||

नानक कहते हैं कि उस समय व्यक्ति का हृदय इस पश्चाताप से भरा रहता है कि उसने कभी ईश्वर की महिमा नहीं की ॥२॥२॥

**ਮਾਰੂ ਮਹਲਾ ੯ ॥**

**मारू महला ९ ॥**

ਰਾਗ ਮਾਰੂ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Maaroo.

राग मारू में श्री गुरु तेग बहादुर जी की वाणी।

**ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥**

**माई मै मन को मानु न तिआगिओ ॥**

ਹੇ ਮਾਂ! (ਜਦੋਂ ਤੋਂ ਮੈਂ ਗੁਰੂ-ਚਰਨਾਂ ਵਿਚ ਪਿਆਰ ਪਾਇਆ ਹੈ, ਤਦੋਂ ਤੋਂ ਮੈਨੂੰ ਪਛਤਾਵਾ ਲੱਗਾ ਹੈ ਕਿ) ਮੈਂ ਆਪਣੇ ਮਨ ਦਾ ਅਹੰਕਾਰ ਨਾ ਛੱਡਿਆ।

(O Mother! Ever since I have found love at the feet of the Guru, I have felt regretful that) I did not give up the ego of my mind.

हे माता! (जब से मुझे गुरु के चरणों में प्रेम मिला है, तब से मुझे इस बात का दुःख है कि) मैंने अपने मन का अहंकार नहीं छोड़ा।

**ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥**

**माइआ के मदि जनमु सिराइओ राम भजनि नही लागिओ ॥१॥ रहाउ ॥**

ਮਾਇਆ ਦੇ ਨਸ਼ੇ ਵਿਚ ਮੈਂ ਆਪਣੀ ਉਮਰ ਗੁਜ਼ਾਰ ਦਿੱਤੀ, ਤੇ, ਪਰਮਾਤਮਾ ਦੇ ਭਜਨ ਵਿਚ ਮੈਂ ਨਾ ਲੱਗਾ ॥੧॥ ਠਹਿਰਾਉ ॥

I spent my life in the intoxication of Maya, and I did not devote myself to the worship of God. ||1|| Pause.||

मैंने अपना जीवन माया के नशे में बिता दिया तथा भगवान की भक्ति में मन नहीं लगाया ॥१॥ विराम॥

**ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ ॥**

**जम को डंडु परिओ सिर ऊपरि तब सोवत तै जागिओ ॥**

(ਮਨੁੱਖ ਮਾਇਆ ਦੀ ਨੀਂਦ ਵਿਚ ਗਾਫ਼ਲ ਪਿਆ ਰਹਿੰਦਾ ਹੈ) ਜਦੋਂ ਜਮਦੂਤ ਦਾ ਡੰਡਾ (ਇਸ ਦੇ) ਸਿਰ ਉੱਤੇ ਵੱਸਦਾ ਹੈ, ਤਦੋਂ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਸੁੱਤਾ ਹੋਇਆ ਜਾਗਦਾ ਹੈ।

(Man remains oblivious in the sleep of Maya) When the stick of the Yama (the messenger of death) falls on his head, then he wakes up (from the sleep of attachment to Maya).

(मनुष्य माया की नींद में असावधान रहता है) जब यमदूत का दण्ड उसके सिर पर रहता है, तब वह (माया की आसक्ति की नींद से) जाग जाता है।

### ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ ॥੧॥

**कहा होत अब कै पछुताए छूटत नाहिन भागिओ ॥१॥**

ਪਰ ਉਸ ਵੇਲੇ ਦੇ ਪਛਤਾਵੇ ਨਾਲ ਕੁਝ ਸੰਵਰਦਾ ਨਹੀਂ, (ਕਿਉਂਕਿ ਉਸ ਵੇਲੇ ਜਮਾਂ ਪਾਸੋਂ) ਭੱਜਿਆਂ ਖ਼ਲਾਸੀ ਨਹੀਂ ਹੋ ਸਕਦੀ ॥੧॥

But remorse at that time does not improve anything, (because at that time there is no salvation in running away from Yama (the messenger of death).

उस समय पछताने से कुछ लाभ नहीं होता, (क्योंकि उस समय) यम से मुक्ति नहीं मिलती ॥१॥

### ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ ॥

**इह चिंता उपजी घट महि जब गुर चरनन अनुरागिओ ॥**

ਜਦੋਂ ਮਨੁੱਖ ਗੁਰੂ ਦੇ ਚਰਨਾਂ ਵਿਚ ਪਿਆਰ ਪਾਂਦਾ ਹੈ, ਤਦੋਂ ਉਸ ਦੇ ਹਿਰਦੇ ਵਿਚ ਇਹ ਫੁਰਨਾ ਉੱਠਦਾ ਹੈ (ਕਿ ਪ੍ਰਭੂ ਦੇ ਭਜਨ ਤੋਂ ਬਿਨਾ ਉਮਰ ਵਿਅਰਥ ਹੀ ਬੀਤਦੀ ਰਹੀ)।

When a person finds love at the feet of the Guru (in devotion to the Guru), then this thought arises in his heart (that without singing the praises of the Lord, his life has been wasted).

जब मनुष्य को गुरु के चरणों में प्रेम हो जाता है, तब उसके हृदय में यह विचार उत्पन्न होता है (कि प्रभु की भक्ति के बिना जीवन व्यर्थ होता रहा)।

### ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥

**सुफलु जनमु नानक तब हूआ जउ प्रभ जस महि पागिओ ॥२॥३॥**

ਹੇ ਨਾਨਕ! ਮਨੁੱਖ ਦੀ ਜ਼ਿੰਦਗੀ ਕਾਮਯਾਬ ਤਦੋਂ ਹੀ ਹੁੰਦੀ ਹੈ ਜਦੋਂ (ਇਹ ਗੁਰੂ ਦੀ ਸਰਨ ਪੈ ਕੇ) ਪਰਮਾਤਮਾ ਦੀ ਸਿਫ਼ਤ-ਸਲਾਹ ਵਿਚ ਜੁੜਦਾ ਹੈ ॥੨॥੩॥

O Nanak! A man's life becomes successful only when he devotes himself to the praise and glorification of God (after taking refuge in the Guru). ||2||3||

हे नानक! मनुष्य का जीवन तभी सफल होता है, जब वह (गुरु की शरण में जाकर) अपने आपको ईश्वर की महिमा में एक कर लेता है ॥२॥३॥

`Page 1186`

### ੴ ਸਤਿਗੁਰ ਪ੍ਰਸਾਦਿ ॥

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

### ਰਾਗੁ ਬਸੰਤੁ ਹਿੰਡੋਲ ਮਹਲਾ ੯ ॥

**रागु बसंतु हिंडोल महला ९ ॥**

ਰਾਗ ਬਸੰਤੁ/ਹਿੰਡੋਲ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Basant Hindol.

श्री गुरु तेग बहादुर जी की बानी राग बसंत/हिंडोल में।

**ਸਾਧੋ ਇਹੁ ਤਨੁ ਮਿਥਿਆ ਜਾਨਉ ॥**

**साधो इहु तनु मिथिआ जानउ ॥**

ਹੇ ਸੰਤ ਜਨੋ! ਇਸ ਸਰੀਰ ਨੂੰ ਨਾਸਵੰਤ ਸਮਝੋ।

O holy persons! Consider this body to be perishable.

हे संतों, इस शरीर को नाशवान समझो।

**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥**

**या भीतरि जो रामु बसतु है साचो ताहि पछानो ॥१॥ रहाउ ॥**

ਇਸ ਸਰੀਰ ਵਿਚ ਜਿਹੜੀ ਪ੍ਰਭੂ-ਹਸਤੀ ਵੱਸ ਰਹੀ ਹੈ, (ਸਿਰਫ਼) ਉਸ ਨੂੰ ਸਦਾ ਕਾਇਮ ਰਹਿਣ ਵਾਲਾ ਜਾਣੋ ॥੧॥ ਠਹਿਰਾਉ ॥

The God who is residing in this body, consider (only) him as the everlasting one. ||1|| Pause.||

इस शरीर में जो प्रभु-हस्ती निवास कर रही है, उसे ही तू सदैव रहने वाला जान ॥१॥ विराम॥

**ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥**

**इहु जगु है स्मपति सुपने की देखि कहा ऐडानो ॥**

ਇਹ ਜਗਤ ਉਸ ਧਨ-ਸਮਾਨ ਹੀ ਹੈ ਜਿਹੜਾ ਸੁਪਨੇ ਵਿਚ ਲੱਭ ਲਈਦਾ ਹੈ (ਤੇ, ਜਾਗਦਿਆਂ ਹੀ ਖ਼ਤਮ ਹੋ ਜਾਂਦਾ ਹੈ) (ਇਸ ਜਗਤ ਨੂੰ ਧਨ ਨੂੰ) ਵੇਖ ਕੇ ਕਿਉਂ ਅਹੰਕਾਰ ਕਰਦਾ ਹੈਂ?

This world is like the wealth that is obtained in a dream (and is gone on waking up). Why do you feel proud after seeing (the wealth of this world)?

यह संसार स्वप्न में मिलने वाले धन के समान है (जो जागने पर लुप्त हो जाता है), इसे देखकर तू क्यों अभिमान करता है?

**ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥**

**संगि तिहारै कछू न चालै ताहि कहा लपटानो ॥१॥**

ਇਥੋਂ ਕੋਈ ਵੀ ਚੀਜ਼ (ਅੰਤ ਸਮੇਂ) ਤੇਰੇ ਨਾਲ ਨਹੀਂ ਜਾ ਸਕਦੀ। ਫਿਰ ਇਸ ਨਾਲ ਕਿਉਂ ਚੰਬੜਿਆ ਹੋਇਆ ਹੈਂ? ॥੧॥

Nothing from here can go with you (at the end of time). Then why are you clinging to this? ||1||

यहाँ से कुछ भी तुम्हारे साथ नहीं जा सकता (अंत समय में)। फिर तुम इसमें क्यों आसक्त हो? ॥१॥

**ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥**

**उसतति निंदा दोऊ परहरि हरि कीरति उरि आनो ॥**

ਕਿਸੇ ਦੀ ਖ਼ੁਸ਼ਾਮਦ ਕਿਸੇ ਦੀ ਨਿੰਦਿਆ-ਇਹ ਦੋਵੇਂ ਕੰਮ ਛੱਡ ਦੇ। ਸਿਰਫ਼ ਪਰਮਾਤਮਾ ਦੀ ਸਿਫ਼ਤ-ਸਲਾਹ (ਆਪਣੇ) ਹਿਰਦੇ ਵਿਚ ਵਸਾਓ।

Renounce flattery and criticism of others. Enshrine only the glorification of God in your heart.

खुशामद तथा निंदा - इन दोनों चीजों को त्याग दो। केवल अपने हृदय में परमेश्वर की महिमा को स्थापित करो।

**ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥**

**जन नानक सभ ही मै पूरन एक पुरख भगवानो ॥२॥१॥**

ਹੇ ਦਾਸ ਨਾਨਕ! (ਆਖ ਕਿ ਹੇ ਇਨਸਾਨ!) ਸਿਰਫ਼ ਉਹ ਭਗਵਾਨ ਪੁਰਖ ਹੀ (ਸਲਾਹੁਣ-ਜੋਗ ਹੈ ਜੋ) ਸਭ ਜੀਵਾਂ ਵਿਚ ਵਿਆਪਕ ਹੈ ॥੨॥੧॥ ❂ਨੋਟ: ਇਹ ਸ਼ਬਦ 'ਬਸੰਤ' ਅਤੇ 'ਹਿੰਡੋਲ' ਦੋਹਾਂ ਮਿਲਵੇਂ ਰਾਗਾਂ ਵਿਚ ਗਾਏ ਜਾਣੇ ਹਨ।

O servant Nanak! (say O man!) Only the Supreme Being (who is praiseworthy) is present in all beings. ||2||1||
हे दास नानक! (कहो, हे मनुष्य!) वही ईश्वर (प्रशंसनीय है जो) सब प्राणियों में व्याप्त है ॥२॥१॥ नोट: ये शब्द मिश्रित राग 'बसंत' तथा 'हिंडोल' दोनों में गाये जाने हैं।

**ਬਸੰਤੁ ਮਹਲਾ ੯ ॥**
**बसंतु महला ९ ॥**
ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Basant.
राग बसंत में श्री गुरु तेग बहादुर जी की वाणी।

**ਪਾਪੀ ਹੀਐ ਮੈ ਕਾਮੁ ਬਸਾਇ ॥**
**पापी हीऐ मै कामु बसाइ ॥**
ਪਾਪਾਂ ਵਿਚ ਫਸਾਉਣ ਵਾਲੀ ਕਾਮ-ਵਾਸਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ,
The lust which traps one into sins stays in the heart (of a person),
पाप की ओर ले जाने वाली वासना (मनुष्य के) हृदय में रहती है,

**ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥**
**मनु चंचलु या ते गहिओ न जाइ ॥१॥ रहाउ ॥**
ਇਸ ਵਾਸਤੇ (ਮਨੁੱਖ ਦਾ) ਚੰਚਲ ਮਨ ਕਾਬੂ ਵਿਚ ਨਹੀਂ ਆ ਸਕਦਾ ॥੧॥ ਠਹਿਰਾਉ ॥
That is why (man's) fickle mind cannot be controlled. ||1|| Pause.||
इसी कारण (मनुष्य का) चंचल मन वश में नहीं किया जा सकता ॥१॥ विराम॥

**ਜੋਗੀ ਜੰਗਮ ਅਰੁ ਸੰਨਿਆਸ ॥**
**जोगी जंगम अरु संनिआस ॥**
ਜੋਗੀ ਜੰਗਮ ਅਤੇ ਸੰਨਿਆਸੀ (ਜਿਹੜੇ ਆਪਣੇ ਵੱਲੋਂ ਮਾਇਆ ਦਾ) ਤਿਆਗ ਕਰ ਗਏ ਹਨ)-
The Yogis, the Jangamas and the Sanyasis (who have renounced Maya),
योगी, जंगम तथा संन्यासी (जिन्होंने स्वयं माया का त्याग कर दिया है) -

**ਸਭ ਹੀ ਪਰਿ ਡਾਰੀ ਇਹ ਫਾਸ ॥੧॥**
**सभ ही परि डारी इह फास ॥१॥**
ਇਹਨਾਂ ਸਭਨਾ ਉੱਤੇ ਹੀ (ਮਾਇਆ ਨੇ ਕਾਮ-ਵਾਸ਼ਨਾ ਦੀ) ਇਹ ਫਾਹੀ ਸੁੱਟੀ ਹੋਈ ਹੈ ॥੧॥
Maya has left this noose (of lust) on all them. ||1||
उन सब पर माया ने यह फंदा (वासना का) डाल दिया है ॥१॥

**ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ॥**
**जिहि जिहि हरि को नामु सम्हारि ॥**
ਜਿਸ-ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ,
Every person who has kept the Name of God in his heart,
जिसने भी अपने हृदय में ईश्वर का नाम बसा लिया है,

**ਤੇ ਭਵ ਸਾਗਰ ਉਤਰੇ ਪਾਰਿ ॥੨॥**
**ते भव सागर उतरे पारि ॥२॥**

ਉਹ ਸਾਰੇ ਸੰਸਾਰ-ਸਮੁੰਦਰ (ਦੇ ਵਿਕਾਰਾਂ) ਤੋਂ ਪਾਰ ਲੰਘ ਜਾਂਦੇ ਹਨ ॥੨॥
He crosses over the entire world-ocean (of vices). ||2||
वे सम्पूर्ण संसार-सागर (दुष्प्रवृत्तियों रूपी) को पार कर जाते हैं ॥२॥

**ਜਨ ਨਾਨਕ ਹਰਿ ਕੀ ਸਰਨਾਇ ॥**

**जन नानक हरि की सरनाइ ॥**
ਹੇ ਨਾਨਕ! ਪਰਮਾਤਮਾ ਦਾ ਦਾਸ ਪਰਮਾਤਮਾ ਦੀ ਸਰਨ ਪਿਆ ਰਹਿੰਦਾ ਹੈ (ਪਰਮਾਤਮਾ ਦੇ ਦਰ ਤੇ ਉਹ ਅਰਜ਼ੋਈ ਕਰਦਾ ਰਹਿੰਦਾ ਹੈ-
O Nanak! The servant of God remains in the sanctuary of God,
हे नानक! परमात्मा का सेवक परमात्मा की शरण में रहता है (वह परमात्मा के द्वार पर विनती करता रहता है कि)

**ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥**

**दीजै नामु रहै गुन गाइ ॥३॥२॥**
ਹੇ ਪ੍ਰਭੂ! ਆਪਣੇ ਦਾਸ ਨੂੰ ਆਪਣਾ) ਨਾਮ ਦੇਹ (ਤਾ ਕਿ ਤੇਰਾ ਦਾਸ ਤੇਰੇ) ਗੁਣ ਗਾਂਦਾ ਰਹੇ (ਇਸ ਤਰ੍ਹਾਂ ਉਹ ਕਾਮਾਦਿਕ ਵਿਕਾਰਾਂ ਦੀ ਮਾਰ ਤੋਂ ਬਚਿਆ ਰਹਿੰਦਾ ਹੈ) ॥੩॥੨॥
(Nanak prays to God) Please give your Name so I may keep singing your praises (in this way I remain saved from the assault of lust and other vices). ||3||2||
हे प्रभु! अपने सेवक को अपना नाम दीजिए ताकि वह (आपका सेवक) आपका गुणगान करें) (जिससे वह काम तथा दोषों से मुक्त रहे) ॥३॥२॥

**ਬਸੰਤੁ ਮਹਲਾ ੯ ॥**

**बसंतु महला ९ ॥**
ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Basant.
राग बसंत में श्री गुरु तेग बहादुर जी की वाणी।

**ਮਾਈ ਮੈ ਧਨੁ ਪਾਇਓ ਹਰਿ ਨਾਮੁ ॥**

**माई मै धनु पाइओ हरि नामु ॥**
ਹੇ (ਮੇਰੀ) ਮਾਂ! (ਜਦੋਂ ਦਾ ਗੁਰੂ ਦੀ ਸਰਨ ਪੈ ਕੇ) ਮੈਂ ਪਰਮਾਤਮਾ ਦਾ ਨਾਮ-ਧਨ ਹਾਸਲ ਕੀਤਾ ਹੈ,
O (my) mother! (When I went to the Guru for refuge) I attained the wealth of the Name of God,
हे माँ! जब मैंने गुरु की शरण में आकर भगवान के नाम का धन प्राप्त कर लिया है,

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥**

**मनु मेरो धावन ते छूटिओ करि बैठो बिसरामु ॥१॥ रहाउ ॥**
ਮੇਰਾ ਮਨ (ਮਾਇਆ ਦੀ ਖ਼ਾਤਰ) ਦੌੜ-ਭੱਜ ਕਰਨ ਤੋਂ ਬਚ ਗਿਆ ਹੈ, (ਹੁਣ ਮੇਰਾ ਮਨ ਨਾਮ-ਧਨ ਵਿਚ) ਟਿਕਾਣਾ ਬਣਾ ਕੇ ਬਹਿ ਗਿਆ ਹੈ ॥੧॥ ਠਹਿਰਾਉ ॥
My mind is saved from running around (for Maya), now my mind has made its place (in the Name of God). ||1|| Pause.||
मेरा मन (माया के लिए) इधर-उधर भागने से बच गया है, (अब मेरे मन ने नाम-धन में अपना स्थान बना लिया है) ॥१॥ विराम॥

**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**

**माइआ ममता तन ते भागी उपजिओ निरमल गिआनु ॥**

ਹੇ ਮੇਰੀ ਮਾਂ! (ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ) ਸ਼ੁੱਧ-ਸਰੂਪ ਪਰਮਾਤਮਾ ਨਾਲ ਡੂੰਘੀ ਸਾਂਝ ਬਣ ਗਈ ਹੈ (ਜਿਸ ਕਰਕੇ) ਮੇਰੇ ਸਰੀਰ ਵਿਚੋਂ ਮਾਇਆ ਜੋੜਨ ਦੀ ਲਾਲਸਾ ਦੂਰ ਹੋ ਗਈ ਹੈ।

(By the grace of the Guru) the love for Maya has vanished from my body and I have obtained the pure spiritual knowledge.

(गुरु की कृपा से) मेरे शरीर से माया का मोह दूर हो गया है तथा मुझे शुद्ध आध्यात्मिक ज्ञान प्राप्त हो गया है।

**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥**

**लोभ मोह एह परसि न साकै गही भगति भगवान ॥१॥**

(ਜਦੋਂ ਤੋਂ ਮੈਂ) ਭਗਵਾਨ ਦੀ ਭਗਤੀ ਹਿਰਦੇ ਵਿਚ ਵਸਾਈ ਹੈ ਲੋਭ ਅਤੇ ਮੋਹ ਇਹ ਮੇਰੇ ਉਤੇ ਆਪਣਾ ਜ਼ੋਰ ਨਹੀਂ ਪਾ ਸਕਦੇ ॥੧॥

(Ever since I have) enshrined devotion for the Lord in my heart, the greed and attachment cannot overpower me. ||1||

(जब से) मेरे हृदय में भगवान की भक्ति स्थापित हो गई है, तब से लोभ तथा मोह मुझ पर अपना प्रभाव नहीं डाल सकते ॥१॥

**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**

**जनम जनम का संसा चूका रतनु नामु जब पाइआ ॥**

(ਹੇ ਮੇਰੀ ਮਾਂ!) ਜਦੋਂ ਤੋਂ (ਗੁਰੂ ਦੀ ਕਿਰਪਾ ਨਾਲ) ਮੈਂ ਪਰਮਾਤਮਾ ਦਾ ਅਮੋਲ ਨਾਮ ਲੱਭਾ ਹੈ, ਮੇਰਾ ਜਨਮਾਂ ਜਨਮਾਂਤਰਾਂ ਦਾ ਸਹਿਮ ਦੂਰ ਹੋ ਗਿਆ ਹੈ।

(By the Guru's grace) Ever since I have discovered the priceless Name of God, my fear of many births has been dispelled.

जब से मुझे भगवान का अनमोल नाम (गुरु की कृपा से) मिला है, तब से मेरा जन्म-जन्मों का भय समाप्त हो गया है।

**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥**

**त्रिसना सकल बिनासी मन ते निज सुख माहि समाइआ ॥२॥**

ਮੇਰੇ ਮਨ ਵਿਚੋਂ ਸਾਰੀ ਤ੍ਰਿਸ਼ਨਾ ਮੁੱਕ ਗਈ ਹੈ, ਹੁਣ ਮੈਂ ਉਸ ਆਨੰਦ ਵਿਚ ਟਿਕਿਆ ਰਹਿੰਦਾ ਹਾਂ ਜਿਹੜਾ ਸਦਾ ਮੇਰੇ ਨਾਲ ਟਿਕਿਆ ਰਹਿਣ ਵਾਲਾ ਹੈ ॥੨॥

All desires have vanished from my mind; now I abide in the bliss that will always remain with me. ||2||

मेरे मन से सारी तृष्णाएँ लुप्त हो गई हैं, अब मैं उस आनंद में निवास करता हूँ जो सदा मेरे साथ रहेगा ॥२॥

**ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥**

**जा कउ होत दइआलु किरपा निधि सो गोबिंद गुन गावै ॥**

ਹੇ ਮਾਂ! ਕਿਰਪਾ ਦਾ ਖ਼ਜ਼ਾਨਾ ਗੋਬਿੰਦ ਜਿਸ ਮਨੁੱਖ ਉੱਤੇ ਦਇਆਵਾਨ ਹੁੰਦਾ ਹੈ, ਉਹ ਮਨੁੱਖ ਉਸ ਦੇ ਗੁਣ ਗਾਂਦਾ ਰਹਿੰਦਾ ਹੈ।

Gobind (God) the treasure of mercy, on whom he is kind, he keeps singing His praises.

हे माता! कृपा के भण्डार गोबिंद जिस पर भी कृपा करते हैं, वह उसका गुणगान करते रहते हैं।

**ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥**

**कहु नानक इह बिधि की स्मपै कोऊ गुरमुखि पावै ॥३॥३॥**

ਨਾਨਕ ਆਖਦਾ ਹੈ ਕਿ (ਹੇ ਮਾਂ) ਕੋਈ ਵਿਰਲਾ ਮਨੁੱਖ ਇਸ ਕਿਸਮ ਦਾ ਧਨ ਗੁਰੂ ਦੇ ਸਨਮੁਖ ਰਹਿ ਕੇ ਹਾਸਲ ਕਰਦਾ ਹੈ ॥੩॥੩॥

Nanak says that very few people attain this kind of wealth by staying in the presence of the Guru. ||3||3||

नानक कहते हैं कि (हे माता) कोई अनोखा ही गुरु के सान्निध्य में रहकर इस प्रकार की सम्पत्ति प्राप्त करता है ॥३॥३॥

**ਬਸੰਤੁ ਮਹਲਾ ੯ ॥**

**बसंतु महला ९ ॥**

ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Basant.

राग बसंत में श्री गुरु तेग बहादुर जी की वाणी।

**ਮਨ ਕਹਾ ਬਿਸਾਰਿਓ ਰਾਮ ਨਾਮੁ ॥**

**मन कहा बिसारिओ राम नामु ॥**

ਹੇ ਮਨ! ਤੂੰ ਪਰਮਾਤਮਾ ਦਾ ਨਾਮ ਕਿਉਂ ਭੁਲਾਈ ਬੈਠਾ ਹੈਂ?

O mind! Why have you forgotten the Name of God?

हे मन! तू भगवान का नाम क्यों भूल गया?

**ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥**

**तनु बिनसै जम सिउ परै कामु ॥१॥ रहाउ ॥**

(ਜਦੋਂ) ਸਰੀਰ ਨਾਸ ਹੋ ਜਾਂਦਾ ਹੈ, (ਤਦੋਂ ਪਰਮਾਤਮਾ ਦੇ ਨਾਮ ਤੋਂ ਬਿਨਾ) ਜਮਾਂ ਨਾਲ ਵਾਹ ਪੈਂਦਾ ਹੈ ॥੧॥ ਠਹਿਰਾਉ ॥

(When) the body gets destroyed, (then without the Name of God) one comes under the control of Yama (the messenger of death). ||1|| Pause.||

(जब) शरीर नष्ट हो जाता है, (तब भगवान के नाम के बिना) संचय से निपटना पड़ता है ॥१॥ विराम॥

**ਇਹੁ ਜਗੁ ਧੂਏ ਕਾ ਪਹਾਰ ॥**

**इहु जगु धूए का पहार ॥**

ਹੇ ਮਨ! ਇਹ ਸੰਸਾਰ (ਤਾਂ, ਮਾਨੋ) ਧੂਏਂ ਦਾ ਪਹਾੜ ਹੈ (ਜਿਸ ਨੂੰ ਹਵਾ ਦਾ ਇੱਕੋ ਬੁੱਲਾ ਉਡਾ ਕੇ ਲੈ ਜਾਂਦਾ ਹੈ)।

O mind! This world is (like) a mountain of smoke (which is blown away by a gust of wind).

हे मन! यह संसार तो मानो धुएँ का पर्वत है (जो हवा के एक झोंके से उड़ जाता है)।

Page 1187

**ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥**

**तै साचा मानिआ किह बिचारि ॥१॥**

(ਹੇ ਮਨ!) ਤੂੰ ਕੀਹ ਸਮਝ ਕੇ (ਇਸ ਜਗਤ ਨੂੰ) ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ? ॥੧॥

O mind! Why do you think that this world will last forever? ||1||

(हे मन!) तू क्या सोचता है कि तू (इस संसार को) शाश्वत मानता है? ॥१॥

**ਧਨੁ ਦਾਰਾ ਸੰਪਤਿ ਗ੍ਰੇਹ ॥**

**धनु दारा स्मपति ग्रेह ॥**

ਹੇ ਮਨ! (ਚੰਗੀ ਤਰ੍ਹਾਂ ਸਮਝ ਲੈ ਕਿ) ਧਨ, ਇਸਤ੍ਰੀ, ਜਾਇਦਾਦ, ਘਰ-

O mind! (Understand well that) wealth, woman, property, house,

(हे मन! यह अच्छी तरह समझ ले कि) धन, स्त्री, संपत्ति, मकान-

**ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥**

**कछु संगि न चालै समझ लेह ॥२॥**

ਇਹਨਾਂ ਵਿਚੋਂ ਕੋਈ ਵੀ ਚੀਜ਼ (ਮੌਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ ॥੨॥

none of these things go with the soul at the time of death. ||2||

इनमें से कोई भी वस्तु (मृत्यु के समय) जीव के साथ नहीं जाती ॥२॥

**ਇਕ ਭਗਤਿ ਨਾਰਾਇਨ ਹੋਇ ਸੰਗਿ ॥**

**इक भगति नाराइन होइ संगि ॥**

ਸਿਰਫ ਪਰਮਾਤਮਾ ਦੀ ਭਗਤੀ ਹੀ ਮਨੁੱਖ ਦੇ ਨਾਲ ਰਹਿੰਦੀ ਹੈ।

Only devotion to God remains with man.

केवल ईश्वर के प्रति भक्ति ही शेष रहती है।

**ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥**

**कहु नानक भजु तिह एक रंगि ॥३॥४॥**

(ਇਸ ਵਾਸਤੇ) ਨਾਨਕ ਆਖਦਾ ਹੈ ਕਿ ਸਿਰਫ ਪਰਮਾਤਮਾ ਦੇ ਪਿਆਰ ਵਿਚ (ਟਿਕ ਕੇ) ਉਸ ਦਾ ਭਜਨ ਕਰਿਆ ਕਰ ॥੩॥੪॥

(Therefore) Nanak says that one should only remain in the love of God and meditate on Him. ||3||4||

(इसलिए) नानक कहते हैं, "केवल ईश्वर के प्रेम में रहकर उसकी भक्ति करो"! ॥३॥४॥

**ਬਸੰਤੁ ਮਹਲਾ ੯ ॥**

**बसंतु महला ९ ॥**

ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Basant.

राग बसंत में श्री गुरु तेग बहादुर जी की वाणी।

**ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥**

**कहा भूलिओ रे झूठे लोभ लाग ॥**

(ਹੇ ਇਨਸਾਨ!) ਨਾਸਵੰਦ ਦੁਨੀਆ ਦੇ ਲੋਭ ਵਿਚ ਫਸ ਕੇ (ਹਰਿ-ਨਾਮ ਤੋਂ) ਕਿੱਥੇ ਖੁੰਝਿਆ ਫਿਰਦਾ ਹੈਂ?

(O man!) Where are you lost, trapped in the greed of this perishable world?

(हे मनुष्य!) इस नाशवान संसार के लोभ में फँसकर तुम कहाँ भटक रहे हो?

**ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥**

**कछु बिगरिओ नाहिन अजहु जाग ॥१॥ रहाउ ॥**

ਹੁਣ ਹੀ ਸਿਆਣਾ ਬਣ, (ਤੇ, ਪਰਮਾਤਮਾ ਦਾ ਨਾਮ ਜਪਿਆ ਕਰ। ਜੇ ਬਾਕੀ ਦੀ ਉਮਰ ਸਿਮਰਨ ਵਿਚ ਗੁਜ਼ਾਰੇਂ, ਤਾਂ ਵੀ ਤੇਰਾ) ਕੁਝ ਵਿਗੜਿਆ ਨਹੀਂ ॥੧॥ ਠਹਿਰਾਉ ॥

Nothing is lost yet (if you spend the rest of your life in chanting the Name), now be wise!. ||1|| Pause.||

अभी कुछ नहीं बिगड़ा (अगर तुम अपना शेष जीवन नाम-स्मरण में लगा दे), अब समझदार बनो! ॥१॥ विराम॥

**ਸਮ ਸੁਪਨੈ ਕੈ ਇਹੁ ਜਗੁ ਜਾਨੁ ॥**

**सम सुपनै कै इहु जगु जानु ॥**

ਇਸ ਜਗਤ ਨੂੰ ਸੁਪਨੇ (ਵਿਚ ਵੇਖੇ ਪਦਾਰਥਾਂ) ਦੇ ਬਰਾਬਰ ਸਮਝ।

Consider this world equal to (things seen in) dreams,

इस संसार को स्वप्न में देखी हुई वस्तु समझो।

**ਬਿਨਸੈ ਛਿਨ ਮੈ ਸਾਚੀ ਮਾਨੁ ॥੧॥**

**बिनसै छिन मै साची मानु ॥१॥**

ਇਹ ਗੱਲ ਸੱਚੀ ਮੰਨ ਕਿ (ਇਹ ਜਗਤ) ਇਕ ਛਿਨ ਵਿਚ ਨਾਸ ਹੋ ਜਾਂਦਾ ਹੈ ॥੧॥

that gets destroyed in a moment, consider this fact to be true! ||1||

इस सत्य समझो कि (यह संसार) क्षण भर में नष्ट हो जाता है ॥१॥

**ਸੰਗਿ ਤੇਰੈ ਹਰਿ ਬਸਤ ਨੀਤ ॥**

**संगि तेरै हरि बसत नीत ॥**

ਪਰਮਾਤਮਾ ਸਦਾ ਤੇਰੇ ਨਾਲ ਵੱਸਦਾ ਹੈ।

God is always with you.

ईश्वर सदैव तुम्हारे साथ रहता है।

**ਨਿਸ ਬਾਸੁਰ ਭਜੁ ਤਾਹਿ ਮੀਤ ॥੨॥**

**निस बासुर भजु ताहि मीत ॥२॥**

(ਹੇ ਮਿੱਤਰ!) ਤੂੰ ਦਿਨ ਰਾਤ ਉਸ ਦਾ ਹੀ ਭਜਨ ਕਰਿਆ ਕਰ ॥੨॥

You should worship him day and night. ||2||

(हे मित्र!) तुम्हें दिन-रात उनका भजन करना चाहिए ॥२॥

**ਬਾਰ ਅੰਤ ਕੀ ਹੋਇ ਸੁਹਾਇ ॥**

**बार अंत की होइ सहाइ ॥**

ਅਖੀਰਲੇ ਸਮੇ ਪਰਮਾਤਮਾ ਹੀ ਮਦਦਗਾਰ ਬਣਦਾ ਹੈ।

Only God helps at the last moment.

अंत में केवल भगवान ही मददगार बनता है।

**ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥**

**कहु नानक गुन ता के गाइ ॥३॥५॥**

ਨਾਨਕ ਆਖਦਾ ਹੈ ਕਿ (ਹੇ ਇਨਸਾਨ!) ਤੂੰ (ਸਦਾ) ਉਸ ਦੇ ਗੁਣ ਗਾਇਆ ਕਰ ॥੩॥੫॥

Nanak says (O man! You should always) sing His (God's) praises. ||3||5||

नानक कहते हैं, "(हे मनुष्य!) तुम (सदैव) उनके गुण गाते रहो" ॥३॥५॥

**Page 1231**

**ੴ ਸਤਿਗੁਰ ਪ੍ਰਸਾਦਿ ॥**

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh is one and can be attained by the grace of a true Guru (SatGuru).

ईश्वर एक है तथा वह सतगुरु की कृपा से मिलता है।

**ਰਾਗੁ ਸਾਰੰਗ ਮਹਲਾ ੯ ॥**

**रागु सारंग महला ९ ॥**

ਰਾਗ ਸਾਰੰਗ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Saarang.
राग सारंग में श्री गुरु तेग बहादुर जी की वाणी।

**ਹਰਿ ਬਿਨੁ ਤੇਰੋ ਕੋ ਨ ਸਹਾਈ ॥**
**हरि बिनु तेरो को न सहाई ॥**
ਪਰਮਾਤਮਾ ਤੋਂ ਬਿਨਾ ਤੇਰਾ (ਹੋਰ) ਕੋਈ ਵੀ ਸਹਾਇਤਾ ਕਰਨ ਵਾਲਾ ਨਹੀਂ ਹੈ।
You have no other helper except God.
ईश्वर के अलावा आपकी मदद करने वाला कोई नहीं है।

**ਕਾਂ ਕੀ ਮਾਤ ਪਿਤਾ ਸੁਤ ਬਨਿਤਾ. ਕੋ ਕਾਹੂ ਕੋ ਭਾਈ ॥੧॥ ਰਹਾਉ ॥**
**कां की मात पिता सुत बनिता को काहू को भाई ॥१॥ रहाउ ॥**
ਕਿਸੇ ਦੀ ਮਾਂ, ਪਿਉ, ਪੁੱਤਰ ਅਤੇ ਵਹੁਟੀ ਕੌਣ ਹੈ? (ਜਦੋਂ ਸਰੀਰ ਨਾਲੋਂ ਸਾਥ ਮੁੱਕ ਜਾਂਦਾ ਹੈ ਤਦੋਂ) ਕੌਣ ਕਿਸੇ ਦਾ ਭਰਾ ਬਣਦਾ ਹੈ? (ਕੋਈ ਨਹੀਂ) ॥੧॥ ਠਹਿਰਾਉ ॥
Who is someone’s mother, father, son or wife and (when one leaves the body) who becomes someone’s brother? (No one). ||1|| Pause.||
किसी की माँ, पिता, बेटा तथा पत्नी कौन है? (जब शारीरिक संबंध समाप्त हो जाता है, तब) कौन किसी का भाई बन जाता है? (कोई नहीं) ॥१॥ विराम॥

**ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥**
**धनु धरनी अरु स्मपति सगरी जो मानिओ अपनाई ॥**
ਇਹ ਧਨ ਧਰਤੀ ਸਾਰੀ ਮਾਇਆ ਜਿਨ੍ਹਾਂ ਨੂੰ ਆਪਣੇ ਸਮਝੀ ਬੈਠਾ ਹੈ,
This wealth, the land, all the property which he thinks is his own,
यह धन, सम्पूर्ण पृथ्वी तथा माया है, जिसे अपने ही मान रहा है,

**ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥੧॥**
**तन छूटै कछु संगि न चालै कहा ताहि लपटाई ॥१॥**
ਜਦੋਂ ਸਰੀਰ ਨਾਲੋਂ ਸਾਥ ਮੁੱਕਦਾ ਹੈ, ਕੋਈ ਚੀਜ਼ ਵੀ (ਜੀਵ ਦੇ) ਨਾਲ ਨਹੀਂ ਤੁਰਦੀ। ਫਿਰ ਜੀਵ ਕਿਉਂ ਇਹਨਾਂ ਨਾਲ ਚੰਬੜਿਆ ਰਹਿੰਦਾ ਹੈ? ॥੧॥
When a soul leaves the body, nothing goes with it. Then why does the soul cling to these things? ||1||
जब शरीर शरीर से अलग हो जाता है, तो उसके साथ कोई तथा चीज नहीं चलती। फिर शरीर उनसे क्यों जुड़ा रहता है? ॥१॥

**ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥**
**दीन दइआल सदा दुख भंजन ता सिउ रुचि न बढाई ॥**
ਜਿਹੜਾ ਪ੍ਰਭੂ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜੋ ਸਦਾ (ਜੀਵਾਂ ਦੇ) ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਤੂੰ ਉਸ ਨਾਲ ਪਿਆਰ ਨਹੀਂ ਵਧਾਉਂਦਾ।
You do not develop love for the Lord who is merciful to the poor and who always removes the sufferings (of living beings).
जो भगवान दीन-दुखियों पर दया करने वाले हैं, जो सदैव प्राणियों के दुःखों का नाश करने वाले हैं, उन पर तुम अपना प्रेम नहीं बढ़ाते।

**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥**

**नानक कहत जगत सभ मिथिआ जिउ सुपना रैनाई ॥२॥१॥**

ਨਾਨਕ ਆਖਦਾ ਹੈ ਕਿ ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ ਤਿਵੇਂ ਸਾਰਾ ਜਗਤ ਨਾਸਵੰਦ ਹੈ ॥੨॥੧॥

Nanak says that just like the dreams of night, the entire world is perishable. ||2||1||

नानक कहते हैं कि जैसे रात्रि का स्वप्न क्षणभंगुर है, वैसे ही सारा संसार नाशवान है ॥२॥१॥

**ਸਾਰੰਗ ਮਹਲਾ ੯ ॥**

**सारंग महला ९ ॥**

ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Saarang.

राग सारंग में श्री गुरु तेग बहादुर जी की वाणी।

**ਕਹਾ ਮਨ ਬਿਖਿਆ ਸਿਉ ਲਪਟਾਹੀ ॥**

**कहा मन बिखिआ सिउ लपटाही ॥**

ਹੇ ਮਨ! ਤੂੰ ਕਿਉਂ ਮਾਇਆ ਨਾਲ (ਹੀ) ਚੰਬੜਿਆ ਰਹਿੰਦਾ ਹੈ?

O mind! Why do you remain attached to Maya?

हे मन, तू माया में क्यों आसक्त रहता है?

**ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥੧॥ ਰਹਾਉ ॥**

**या जग महि कोऊ रहनु न पावै इकि आवहि इकि जाही ॥१॥ रहाउ ॥**

(ਵੇਖ) ਇਸ ਦੁਨੀਆ ਵਿਚ (ਸਦਾ ਲਈ) ਕੋਈ ਵੀ ਟਿਕਿਆ ਨਹੀਂ ਰਹਿ ਸਕਦਾ। ਅਨੇਕਾਂ ਜੰਮਦੇ ਰਹਿੰਦੇ ਹਨ, ਅਨੇਕਾਂ ਹੀ ਮਰਦੇ ਰਹਿੰਦੇ ਹਨ ॥੧॥ ਠਹਿਰਾਉ ॥

(See) No one can stay in this world (forever). Many are born, many die. ||1|| Pause.||

(देखो) इस संसार में कोई भी व्यक्ति (हमेशा) नहीं रह सकता। कई लोग जन्म लेते रहते हैं, कई लोग मरते रहते हैं ॥१॥ विराम॥

**ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ. ਕਾ ਸਿਉ ਨੇਹੁ ਲਗਾਹੀ ॥**

**कां को तनु धनु स्मपति कां की का सिउ नेहु लगाही ॥**

ਹੇ ਮਨ! (ਵੇਖ) ਸਦਾ ਲਈ ਨਾ ਕਿਸੇ ਦਾ ਸਰੀਰ ਰਹਿੰਦਾ ਹੈ, ਨਾ ਧਨ ਰਹਿੰਦਾ ਹੈ, ਨਾ ਮਾਇਆ ਰਹਿੰਦੀ ਹੈ। ਤੂੰ ਕਿਸ ਨਾਲ ਪਿਆਰ ਬਣਾਈ ਬੈਠਾ ਹੈਂ?

Neither body nor wealth nor property remains forever. Why are you in love with these?

हे मन! (देख) न तो किसी का शरीर सदा रहता है, न धन, न माया। तूने किससे प्रेम किया है?

**ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥**

**जो दीसै सो सगल बिनासै जिउ बादर की छाही ॥१॥**

ਜਿਵੇਂ ਬੱਦਲਾਂ ਦੀ ਛਾਂ ਹੈ, ਤਿਵੇਂ ਜੋ ਕੁਝ ਦਿੱਸ ਰਿਹਾ ਹੈ ਸਭ ਨਾਸਵੰਦ ਹੈ ॥੧॥

Just like the shadow of the clouds, whatever is visible is also destructible. ||1||

जैसे बादलों की छाया क्षणभंगुर होती है, वैसे ही जो कुछ दिखाई देता है वह भी क्षणभंगुर है ॥१॥

**ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥**

**तजि अभिमानु सरणि संतन गहु मुकति होहि छिन माही ॥**

(ਹੇ ਮਨ!) ਅਹੰਕਾਰ ਛੱਡ, ਤੇ, ਸੰਤ ਜਨੋ ਦੀ ਸਰਨ ਫੜ। (ਇਸ ਤਰ੍ਹਾਂ) ਇਕ ਛਿਨ ਵਿਚ ਤੂੰ (ਮਾਇਆ ਦੇ ਬੰਧਨਾਂ ਤੋਂ) ਸੁਤੰਤਰ ਹੋ ਜੇਹੇਂਗਾ।

(O mind!) Give up your ego and take refuge in the saints. (This way) in a moment you will be free (from the bonds of Maya).
(हे मन!) अहंकार को त्यागकर संतों की शरण में आ जा। (इस प्रकार) तू क्षण भर में (माया के बंधनों से) मुक्त हो जाएगा।

**ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥੨॥੨॥**

**जन नानक भगवंत भजन बिनु सुखु सुपनै भी नाही ॥२॥२॥**

ਹੇ ਦਾਸ ਨਾਨਕ! ਪਰਮਾਤਮਾ ਦੇ ਭਜਨ ਤੋਂ ਬਿਨਾ ਕਦੇ ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ ॥੨॥੨॥
O Servant Nanak! Without worshipping God, one cannot find happiness even in dreams. ||2||2||
हे दास नानक! प्रभु के भजन के बिना स्वप्न में भी सुख नहीं मिलता ॥२॥२॥

**ਸਾਰੰਗ ਮਹਲਾ ੯ ॥**

**सारंग महला ९ ॥**

ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Saarang.
राग सारंग में श्री गुरु तेग बहादुर जी की वाणी।

**ਕਹਾ ਨਰ ਅਪਨੋ ਜਨਮੁ ਗਵਾਵੈ ॥**

**कहा नर अपनो जनमु गवावै ॥**

ਪਤਾ ਨਹੀਂ ਮਨੁੱਖ ਕਿਉਂ ਆਪਣਾ ਜੀਵਨ ਅਜਾਈਂ ਬਰਬਾਦ ਕਰਦਾ ਹੈ।
I don't know why man wastes his life.
मैं नहीं जानता कि लोग अपना जीवन व्यर्थ क्यों बर्बाद करते हैं।

**ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥**

**माइआ मदि बिखिआ रसि रचिओ राम सरनि नही आवै ॥१॥ रहाउ ॥**

ਮਾਇਆ ਦੀ ਮਸਤੀ ਵਿਚ ਮਾਇਆ ਦੇ ਸੁਆਦ ਵਿਚ ਰੁੱਝਾ ਰਹਿੰਦਾ ਹੈ, ਤੇ, ਪਰਮਾਤਮਾ ਦੀ ਸਰਨ ਨਹੀਂ ਪੈਂਦਾ ॥੧॥ ਠਹਿਰਾਉ ॥
In the intoxication of Maya he remains entangled in the pleasure of Maya and does not take refuge in God. ||1|| Pause.||
वह माया के भोगों में, माया के स्वाद में ही उलझा रहता है तथा भगवान की शरण नहीं लेता ॥१॥ विराम॥

**ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥**

**इहु संसारु सगल है सुपनो देखि कहा लोभावै ॥**

ਇਹ ਸਾਰਾ ਜਗਤ ਸੁਪਨੇ ਵਾਂਗ ਹੈ, ਇਸ ਨੂੰ ਵੇਖ ਕੇ, ਪਤਾ ਨਹੀਂ, ਮਨੁੱਖ ਕਿਉਂ ਲੋਭ ਵਿਚ ਫਸਦਾ ਹੈ।
This whole world is like a dream; seeing this, I don't know why man gets trapped in greed.
यह सारा संसार स्वप्नवत है। यह देखकर भी पता नहीं क्यों मनुष्य लोभ में फंस जाता है।

**ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥**

**जो उपजै सो सगल बिनासै रहनु न कोऊ पावै ॥१॥**

ਇਥੇ ਤਾਂ ਜੋ ਕੋਈ ਜੰਮਦਾ ਹੈ ਉਹ ਹਰੇਕ ਹੀ ਨਾਸ ਹੋ ਜਾਂਦਾ ਹੈ। ਇਥੇ ਸਦਾ ਲਈ ਕੋਈ ਨਹੀਂ ਟਿਕ ਸਕਦਾ ॥੧॥
Whoever is born here perishes. No one can remain here forever. ||1||
यहाँ जन्म लेने वाला हर व्यक्ति नष्ट हो जाता है। यहाँ कोई भी व्यक्ति हमेशा के लिए नहीं रह सकता ॥१॥

**ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥**

**मिथिआ तनु साचो करि मानिओ इह बिधि आपु बंधावै ॥**

ਇਹ ਸਰੀਰ ਨਾਸਵੰਦ ਹੈ, ਪਰ ਜੀਵ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਰੱਖਦਾ ਹੈ, ਇਸ ਤਰ੍ਹਾਂ ਆਪਣੇ ਆਪ ਨੂੰ (ਮੋਹ ਦੀਆਂ ਫਾਹੀਆਂ ਵਿਚ) ਫਸਾਈ ਰੱਖਦਾ ਹੈ।

This body is destructible, but the living being thinks that it will last forever and thus keeps itself trapped (in the web of attachment).

यह शरीर नाशवान है, परन्तु मनुष्य इसे सदैव रहने वाला मानकर अपने को (आसक्ति के जाल में) फंसाये रहता है।

**ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥**

**जन नानक सोऊ जनु मुकता राम भजन चितु लावै ॥२॥३॥**

ਹੇ ਦਾਸ ਨਾਨਕ! ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਸੁਤੰਤਰ ਰਹਿੰਦਾ ਹੈ, ਜਿਹੜਾ ਪਰਮਾਤਮਾ ਦੇ ਭਜਨ ਵਿਚ ਆਪਣਾ ਚਿੱਤ ਜੋੜੀ ਰੱਖਦਾ ਹੈ ॥੨॥੩॥

O Servant Nanak! Only that person remains free from the bonds of attachment, who keeps his mind engaged in the worship of God. ||2||3||

हे दास नानक! वह मनुष्य आसक्ति के बंधनों से मुक्त रहता है, जो अपना मन भगवान के भजन में लगाता है ॥२॥३॥

**ਸਾਰੰਗ ਮਹਲਾ ੯ ॥**

**सारंग महला ९ ॥**

ਰਾਗ ਬਸੰਤ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Saarang.

राग सारंग में श्री गुरु तेग बहादुर जी की वाणी।

**ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥**

**मन करि कबहू न हरि गुन गाइओ ॥**

ਹੇ ਪ੍ਰਭੂ! ਮੈਂ ਮਨ ਲਾ ਕੇ ਕਦੇ ਵੀ ਤੇਰੇ ਗੁਣ ਨਹੀਂ ਗਾਂਦਾ ਰਿਹਾ।

I have never sung the praises of God with all my heart.

हे प्रभु, मैंने कभी भी पूरे मन से आपकी स्तुति नहीं की है।

Page 1232

**ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥**

**बिखिआसकत रहिओ निसि बासुर कीनो अपनो भाइओ ॥१॥ रहाउ ॥**

ਮੈਂ ਦਿਨ ਰਾਤ ਮਾਇਆ ਵਿਚ ਹੀ ਮਗਨ ਰਿਹਾ, ਉਹੀ ਕੁਝ ਕਰਦਾ ਰਿਹਾ, ਜੋ ਮੈਨੂੰ ਆਪ ਨੂੰ ਚੰਗਾ ਲੱਗਦਾ ਸੀ ॥੧॥ ਠਹਿਰਾਉ ॥

I remained engrossed in Maya day and night, doing only that which I found pleasing. ||1|| Pause.||

मैं दिन-रात मोह में ही डूबा रहा, तथा जो मुझे अच्छा लगता था, वही करता रहा। १. विराम॥

**ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥**

**गुर उपदेसु सुनिओ नहि काननि पर दारा लपटाइओ ॥**

(ਹੇ ਹਰੀ!) ਮੈਂ ਕੰਨਾਂ ਨਾਲ ਗੁਰੂ ਦੀ ਸਿੱਖਿਆ (ਕਦੇ) ਨਾ ਸੁਣੀ, ਪਰਾਈ ਇਸਤ੍ਰੀ ਵਾਸਤੇ ਕਾਮ-ਵਾਸਨਾ ਰੱਖਦਾ ਰਿਹਾ।

(O God!) I never listened to the teachings of the Guru with my ears and kept having lust for another woman.

(हे प्रभु!) मैंने कभी भी गुरु की बात अपने कानों से नहीं सुनी, मेरे मन में सदैव परस्त्री के प्रति वासना रही है।

**ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥**

**पर निंदा कारनि बहु धावत समझिओ नह समझाइओ ॥१॥**

ਦੂਜਿਆਂ ਦੀ ਨਿੰਦਾ ਕਰਨ ਵਾਸਤੇ ਬਹੁਤ ਦੌੜ-ਭੱਜ ਕਰਦਾ ਰਿਹਾ। ਸਮਝਾਂਦਿਆਂ ਵੀ ਮੈਂ (ਕਦੇ) ਨਾ ਸਮਝਿਆ (ਕਿ ਇਹ ਕੰਮ ਮਾੜਾ ਹੈ) ॥੧॥

I kept running around criticizing others. Even after being advised, I never understood (that this work is bad). ||1||

वह दूसरों की निंदा करने के लिए बहुत भागता रहता था। समझाने पर भी कभी नहीं समझ पाया (कि यह कृत्य बुरा था) ॥१॥

**ਕਹਾ ਕਹਉ$_2$ ਮੈ ਅਪੁਨੀ ਕਰਨੀ. ਜਿਹ ਬਿਧਿ ਜਨਮੁ ਗਵਾਇਓ ॥**

**कहा कहउ मै अपुनी करनी जिह बिधि जनमु गवाइओ ॥**

ਹੇ ਹਰੀ! ਜਿਸ ਤਰ੍ਹਾਂ ਮੈਂ ਆਪਣਾ ਜੀਵਨ ਅਜਾਈਂ ਗਵਾ ਲਿਆ, ਉਹ ਮੈਂ ਕਿੱਥੋਂ ਤਕ ਆਪਣੀ ਕਰਤੂਤ ਦੱਸਾਂ?

O God! I have wasted my life in vain, to whom should I tell about my deeds?

मैं अपने कर्मों का वर्णन कैसे करूँ, कैसे मैंने अपना जीवन व्यर्थ ही नष्ट कर दिया?

**ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥**

**कहि नानक सभ अउगन मो महि राखि लेहु सरनाइओ ॥२॥४॥३॥१३॥१३९॥४॥१५९॥**

ਨਾਨਕ ਆਖਦਾ ਹੈ ਕਿ ਹੇ ਪ੍ਰਭੂ! ਮੇਰੇ ਅੰਦਰ ਸਾਰੇ ਔਗੁਣ ਹੀ ਹਨ। ਮੈਨੂੰ ਆਪਣੀ ਸਰਨ ਵਿਚ ਰੱਖ ॥੨॥੪॥੩॥੧੩॥੧੩੯॥੪॥੧੫੯॥

Nanak says, O Lord! I have all the demerits within me. Keep me in your refuge. ||2||4||3||13||139||4||159||

नानक कहते हैं, हे प्रभु! सारे दोष मेरे भीतर हैं। मुझे अपनी शरण में रखिये! ॥२॥४॥३॥१३॥१३९॥४॥१५९॥

`Page 1352`

**੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**

**१ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥**

ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲਾ' ਹੈ ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

There is only one Akaal-Purakh (God), whose essence (Name) is true', who is the creator of the universe, who is omnipresent, without fear, without enmity, whose form is beyond time (i.e. immortal), who does not come into the cycle of births, who self-manifested and who is attained by the grace of the true Guru.

ईश्वर एक है, जिसका नाम 'अस्तित्व' है, जो जगत का रचयिता है, जो सर्वव्यापी है, भय से रहित है, शत्रुता से रहित है, जिसका स्वरूप काल से परे है (अर्थात जिसका शरीर अविनाशी है), जो योनियों में नहीं आता, जिसका प्रकाश स्वयंभू है तथा जो सच्चे गुरु की कृपा से प्राप्त होता है।

**ਰਾਗੁ ਜੈਜਾਵੰਤੀ ਮਹਲਾ ੯ ॥**

**रागु जैजावंती महला ९ ॥**

ਰਾਗ ਜੈਜਾਵੰਤੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ।

Hymns of Sri Guru Teg Bahadur ji in Musical Jaijaavantee.

राग जैजावंती में श्री गुरु तेग बहादुर जी की वाणी।

**ਰਾਮੁ ਸਿਮਰਿ ਰਾਮੁ ਸਿਮਰਿ ਇਹੈ ਤੇਰੈ ਕਾਜਿ ਹੈ ॥**

**रामु सिमरि रामु सिमरि इहै तैरे काजि है ॥**

ਪਰਮਾਤਮਾ (ਦਾ ਨਾਮ) ਸਿਮਰਿਆ ਕਰ, ਪਰਮਾਤਮਾ ਦਾ ਨਾਮ ਸਿਮਰਿਆ ਕਰ! ਇਹ (ਸਿਮਰਨ) ਹੀ ਤੇਰੇ ਕੰਮ ਵਿਚ (ਆਉਣ ਵਾਲਾ) ਹੈ।

Remember (the Name of) God, remember the Name of God! This (remembrance) is the only thing that will help you.

भगवान का नाम याद करो, भगवान का नाम याद करो! यही (स्मरण) तुम्हारे काम आएगा।

**ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ ॥**

**माइआ को संगु तिआगु प्रभ जू की सरनि लागु ॥**

ਮਾਇਆ ਦਾ ਮੋਹ ਛੱਡ ਦੇਹ, ਪਰਮਾਤਮਾ ਦੀ ਸਰਨ ਪਿਆ ਰਹੁ।

Leave the attachment to Maya, stay in the shelter of God.

माया की आसक्ति त्याग दो तथा भगवान की शरण में जाओ।

**ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ ॥੧॥ ਰਹਾਉ ॥**

**जगत सुख मानु मिथिआ झूठो सभ साजु है ॥१॥ रहाउ ॥**

ਦੁਨੀਆ ਦੇ ਸੁਖਾਂ ਨੂੰ ਨਾਸਵੰਦ ਸਮਝ! ਜਗਤ ਦਾ ਇਹ ਸਾਰਾ ਪਸਾਰਾ (ਹੀ) ਸਾਥ ਛੱਡ ਜਾਣ ਵਾਲਾ ਹੈ ॥੧॥ ਠਹਿਰਾਉ ॥

Consider the worldly pleasures to be perishable! This whole worldly drama is false (not permanent). ||1|| Pause.||

संसार के सुखों को क्षणभंगुर समझो! यह सारा संसार तुम्हें छोड़कर जाने वाला है ॥१॥ विराम॥

**ਸੁਪਨੇ ਜਿਉ ਧਨੁ ਪਛਾਨੁ ਕਾਹੇ ਪਰਿ ਕਰਤ ਮਾਨੁ ॥**

**सुपने जिउ धनु पछानु काहे परि करत मानु ॥**

ਇਸ ਧਨ ਨੂੰ ਸੁਪਨੇ (ਵਿਚ ਮਿਲੇ ਪਦਾਰਥਾਂ) ਵਾਂਗ ਸਮਝ, ਤੂੰ ਕਾਹਦੇ ਉੱਤੇ ਅਹੰਕਾਰ ਕਰਦਾ ਹੈਂ?

Consider this wealth like found in a dream, what are you proud of?

इस धन को स्वप्न में मिली हुई वस्तु समझो! तुम्हें किस बात पर गर्व है?

**ਬਾਰੂ ਕੀ ਭੀਤਿ ਜੈਸੇ ਬਸੁਧਾ ਕੋ ਰਾਜੁ ਹੈ ॥੧॥**

**बारू की भीति जैसे बसुधा को राजु है ॥१॥**

(ਸਾਰੀ) ਧਰਤੀ ਦਾ ਰਾਜ (ਵੀ) ਰੇਤ ਦੀ ਕੰਧ ਵਰਗਾ ਹੀ ਹੈ ॥੧॥

The kingdom of (the entire) earth is like a wall of sand. ||1||

(सम्पूर्ण) पृथ्वी का राज्य रेत की दीवार के समान है ॥१॥

**ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ ॥**

**नानकु जनु कहतु बात बिनसि जैहै तेरो गातु ॥**

ਦਾਸ ਨਾਨਕ (ਤੈਨੂੰ ਇਹ) ਗੱਲ ਦੱਸਦਾ ਹੈ ਕਿ ਤੇਰਾ (ਤਾਂ ਇਹ ਆਪਣਾ ਮਿਥਿਆ ਹੋਇਆ) ਸਰੀਰ (ਵੀ) ਨਾਸ ਹੋ ਜਾਏਗਾ।

Servant Nanak says (to you) that your body (too) will be destroyed (it is temporary).

सेवक नानक आपसे कहते हैं कि आपका (यह नियत) शरीर भी नष्ट हो जाएगा।

**ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥੨॥੧॥**

**छिनु छिनु करि गइओ कालु तैसे जातु आजु है ॥२॥१॥**

(ਵੇਖ, ਜਿਵੇਂ ਤੇਰੀ ਉਮਰ ਦਾ) ਕੱਲ (ਦਾ ਦਿਨ) ਛਿਨ-ਛਿਨ ਕਰ ਕੇ ਬੀਤ ਗਿਆ ਹੈ, ਤਿਵੇਂ ਅੱਜ (ਦਾ ਦਿਨ ਵੀ) ਲੰਘਦਾ ਜਾ ਰਿਹਾ ਹੈ ॥੨॥੧॥

(Look!) just like yesterday has passed by slowly, similarly today is also passing by. ||2||1||
(देखो!) जैसे तुम्हारे जीवन का) कल का दिन कुछ ही क्षणों में बीत गया, वैसे ही आज (तुम्हारे जीवन का) दिन भी बीत रहा है ॥२॥१॥

**ਜੈਜਾਵੰਤੀ ਮਹਲਾ ੯ ॥**
**जैजावंती महला ९ ॥**
ਰਾਗ ਜੈਜਾਵੰਤੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Jaijaavantee.
राग जैजावंती में श्री गुरु तेग बहादुर जी की वाणी।

**ਰਾਮੁ ਭਜੁ ਰਾਮੁ ਭਜੁ ਜਨਮੁ ਸਿਰਾਤੁ ਹੈ ॥**
**रामु भजु रामु भजु जनमु सिरातु है ॥**
ਪਰਮਾਤਮਾ ਦਾ ਭਜਨ ਕਰਿਆ ਕਰ, ਪਰਮਾਤਮਾ ਦਾ ਭਜਨ ਕਰਿਆ ਕਰ! ਮਨੁਖਾ ਜਨਮ ਲੰਘਦਾ ਜਾ ਰਿਹਾ ਹੈ।
Recite the name of God, Recite the name of God! Human life is passing by.
भगवान का नाम जपो, भगवान का नाम जपो! मानव जीवन बीत रहा है।

**ਕਹਉ ਕਹਾ ਬਾਰ ਬਾਰ. ਸਮਝਤ ਨਹ ਕਿਉ ਗਵਾਰ ॥**
**कहउ कहा बार बार समझत नह किउ गवार ॥**
ਹੇ ਮੂਰਖ! ਮੈਂ (ਤੈਨੂੰ) ਮੁੜ-ਮੁੜ ਕੀਹ ਆਖਾਂ? ਤੂੰ ਕਿਉਂ ਨਹੀਂ ਸਮਝਦਾ?
O fool! What should I tell you again and again? Why don’t you understand?
हे मूरख! मैं तुझसे बार-बार क्या कहूँ? तू समझता क्यों नहीं?

**ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ ॥੧॥ ਰਹਾਉ ॥**
**बिनसत नह लगै बार ओरे सम गातु है ॥१॥ रहाउ ॥**
(ਤੇਰਾ ਇਹ) ਸਰੀਰ (ਨਾਸ ਹੋਣ ਵਿਚ) ਗੜੇ ਵਰਗਾ ਹੀ ਹੈ (ਇਸ ਦੇ) ਨਾਸ ਹੁੰਦਿਆਂ ਚਿਰ ਨਹੀਂ ਲੱਗਦਾ ॥੧॥ ਠਹਿਰਾਉ ॥
(This) body of yours is like hail, that does not take a moment for it to be destroyed. ||1|| Pause.||
(यह) तुम्हारा शरीर ओलों के समान है। इसके नष्ट होने में देर नहीं लगती ॥१॥ विराम॥

**ਸਗਲ ਭਰਮ ਡਾਰਿ ਦੇਹਿ ਗੋਬਿੰਦ ਕੋ ਨਾਮੁ ਲੇਹਿ ॥**
**सगल भरम डारि देहि गोबिंद को नामु लेहि ॥**
ਸਾਰੀਆਂ ਭਟਕਣਾ ਛੱਡ ਦੇਹ, ਪਰਮਾਤਮਾ ਦਾ ਨਾਮ ਜਪਿਆ ਕਰ।
Leave all illusions and chant the Name of God!
सभी विकर्षणों को त्याग दो, भगवान का नाम जपो।

**ਅੰਤਿ ਬਾਰ ਸੰਗਿ ਤੇਰੈ ਇਹੈ ਏਕੁ ਜਾਤੁ ਹੈ ॥੧॥**
**अंति बार संगि तेरै इहै एकु जातु है ॥१॥**
ਅੰਤਲੇ ਸਮੇ ਤੇਰੇ ਨਾਲ ਸਿਰਫ ਇਹ ਨਾਮ ਹੀ ਜਾਣ ਵਾਲਾ ਹੈ ॥੧॥
This Name is the only thing that will go with you at the end of your life. ||1||
अंतिम क्षणों में केवल यही नाम तुम्हारा साथ देगा ॥१॥

**ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ ॥**
**बिखिआ बिखु जिउ बिसारि प्रभ कौ जसु हीए धारि ॥**

ਮਾਇਆ (ਦਾ ਮੋਹ ਆਪਣੇ ਅੰਦਰੋਂ) ਜ਼ਹਿਰ ਵਾਂਗ ਭੁਲਾ ਦੇਹ! ਪਰਮਾਤਮਾ ਦੀ ਸਿਫ਼ਤ-ਸਲਾਹ (ਆਪਣੇ) ਹਿਰਦੇ ਵਿਚ ਵਸਾਈ ਰੱਖ!
Remove vices considering those like poison! Keep the glory of God in your heart!
माया को विष की तरह भूल जाओ! अपने हृदय में भगवान की महिमा रखो!

**ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ ॥੨॥੨॥**
**नानक जन कहि पुकारि अउसरु बिहातु है ॥२॥२॥**
ਦਾਸ ਨਾਨਕ (ਤੈਨੂੰ) ਕੂਕ-ਕੂਕ ਕੇ ਆਖ ਰਿਹਾ ਹੈ, (ਮਨੁਖਾ ਜ਼ਿੰਦਗੀ ਦਾ ਸਮਾ) ਬੀਤਦਾ ਜਾ ਰਿਹਾ ਹੈ ॥੨॥੨॥
Servant Nanak is warning you that the time (of human life) is passing by. ||2||2||
सेवक नानक आपसे ऊंचे से कह रहे हैं, "मानव जीवन का समय बीत रहा है" ॥२॥२॥

**ਜੈਜਾਵੰਤੀ ਮਹਲਾ ੯ ॥**
**जैजावंती महला ९ ॥**
ਰਾਗ ਜੈਜਾਵੰਤੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।
Hymns of Sri Guru Teg Bahadur ji in Musical Jaijaavantee.
राग जैजावंती में श्री गुरु तेग बहादुर जी की वाणी।

**ਰੇ ਮਨ. ਕਉਨ ਗਤਿ ਹੋਇ ਹੈ ਤੇਰੀ ॥**
**रे मन कउन गति होइ है तेरी ॥**
ਹੇ ਮਨ! (ਸੋਚ ਕਿ) ਤੇਰੀ ਕੀਹ ਦਸ਼ਾ ਹੋਵੇਗੀ?
O mind! (Think!) what will be your condition?
हे मन! सोच तेरी क्या दशा होगी?

**ਇਹ ਜਗ ਮਹਿ ਰਾਮ ਨਾਮੁ ਸੋ ਤਉ ਨਹੀ ਸੁਨਿਓ ਕਾਨਿ ॥**
**इह जग महि राम नामु सो तउ नही सुनिओ कानि ॥**
ਇਸ ਜਗਤ ਵਿਚ (ਤੇਰਾ ਅਮਲ ਸਾਥੀ) ਪਰਮਾਤਮਾ ਦਾ ਨਾਮ (ਹੀ) ਹੈ, ਉਹ (ਨਾਮ) ਤੂੰ ਕਦੇ ਧਿਆਨ ਨਾਲ ਸੁਣਿਆ ਨਹੀਂ।
In this world (your real companion) is (only) the Name of God, you have never listened to that (Name) carefully.
इस संसार में (तुम्हारा कर्म साथी) भगवान का नाम है, जिसे (नाम को) तुमने कभी ध्यानपूर्वक नहीं सुना।

**ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ ॥੧॥ ਰਹਾਉ ॥**
**बिखिअन सिउ अति लुभानि मति नाहिन फेरी ॥१॥ रहाउ ॥**
ਤੂੰ ਵਿਸ਼ਿਆਂ ਵਿਚ ਹੀ ਬਹੁਤ ਫਸਿਆ ਰਹਿੰਦਾ ਹੈਂ, ਤੂੰ (ਆਪਣੀ) ਸੁਰਤ (ਇਹਨਾਂ ਵੱਲੋਂ ਕਦੇ) ਪਰਤਾਉਂਦਾ ਨਹੀਂ ॥੧॥ ਠਹਿਰਾਉ ॥
You remain entangled in worldly pleasures; you never turn your attention away from them. ||1|| Pause.||
अपनी ही इच्छाओं में बहुत उलझे रहते हो, तुम उनसे अपना ध्यान कभी हटाते ही नहीं ॥१॥ विराम॥

**ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ ॥**
**मानस को जनमु लीनु सिमरनु नह निमख कीनु ॥**
ਤੂੰ ਮਨੁੱਖ ਦਾ ਜਨਮ (ਤਾਂ) ਹਾਸਲ ਕੀਤਾ, ਪਰ ਕਦੇ ਰਤਾ ਭਰ ਸਮੇ ਲਈ ਵੀ ਪਰਮਾਤਮਾ ਦਾ ਸਿਮਰਨ ਨਹੀਂ ਕੀਤਾ।
You were born as a human being but you never remembered God even for a moment.
तुम्हें मानव जन्म तो मिल गया, परंतु तुमने कभी एक क्षण के लिए भी भगवान का ध्यान नहीं किया।

**ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ ॥੧॥**

**दारा सुख भइओ दीनु पगहु परी बेरी ॥१॥**

ਤੂੰ ਸਦਾ ਇਸਤ੍ਰੀ ਦੇ ਸੁਖਾਂ ਦੇ ਹੀ ਅਧੀਨ ਹੋਇਆ ਰਹਿੰਦਾ ਹੈਂ ਤੇ ਤੇਰੇ ਪੈਰਾਂ ਵਿਚ (ਇਸਤ੍ਰੀ ਦੇ ਮੋਹ ਦੀ) ਬੇੜੀ ਪਈ ਰਹਿੰਦੀ ਹੈ ॥੧॥

You always become subject to the pleasures of a woman and your feet remain shackled (due to attachment to a woman). ||1||

तू सदैव स्त्री के भोगों के अधीन रहता है तथा तेरे पैरों में (स्त्री के स्नेह की) बेड़ियाँ रहती हैं ॥१॥

**ਨਾਨਕ ਜਨ ਕਹਿ ਪੁਕਾਰਿ ਸੁਪਨੈ ਜਿਉ ਜਗ ਪਸਾਰੁ ॥**

**नानक जन कहि पुकारि सुपनै जिउ जग पसारु ॥**

ਦਾਸ ਨਾਨਕ (ਤੈਨੂੰ) ਪੁਕਾਰ ਕੇ ਆਖਦਾ ਹੈ ਕਿ ਇਹ ਜਗਤ ਦਾ ਖਿਲਾਰ ਸੁਪਨੇ ਵਰਗਾ ਹੀ ਹੈ।

Servant Nanak calls out to you and says that these worldly things are just like a dream.

सेवक नानक आपको पुकारते हुए कहते हैं कि यह संसार स्वप्न के समान है।

**ਸਿਮਰਤ ਨਹ ਕਿਉ ਮੁਰਾਰਿ. ਮਾਇਆ ਜਾ ਕੀ ਚੇਰੀ ॥੨॥੩॥**

**सिमरत नह किउ मुरारि माइआ जा की चेरी ॥२॥३॥**

ਇਹ ਮਾਇਆ ਜਿਸ ਦੀ ਦਾਸੀ ਹੈ ਤੂੰ ਉਸ ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ ॥੨॥੩॥

Why don’t you remember that Supreme Being whose slave is this Maya? ||2||3||

तुम उस प्रभु का ध्यान क्यों नहीं करते, जिनकी यह माया दासी है? ॥२॥३॥

**ਜੈਜਾਵੰਤੀ ਮਹਲਾ ੯ ॥**

**जैजावंती महला ९ ॥**

ਰਾਗ ਜੈਜਾਵੰਤੀ ਵਿੱਚ ਗੁਰੂ ਤੇਗ ਬਹਾਦਰ ਜੀ ਕੀ ਬਾਣੀ।

Hymns of Sri Guru Teg Bahadur ji in Musical Jaijaavantee.

राग जैजावंती में श्री गुरु तेग बहादुर जी की वाणी।

**ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ ॥**

**बीत जैहै बीत जैहै जनमु अकाजु रे ॥**

ਜੀਵਨ (ਦਾ ਸਮਾ) ਅਸਫਲ ਲੰਘਦਾ ਜਾ ਰਿਹਾ ਹੈ, ਗੁਜ਼ਰਦਾ ਜਾ ਰਿਹਾ ਹੈ।

The time of life is passing unsuccessfully.

जिंदगी व्यर्थ ही गुजर रही है, गुजर रही है।

**ਨਿਸਿ ਦਿਨੁ ਸੁਨਿ ਕੈ ਪੁਰਾਨ ਸਮਝਤ ਨਹ ਰੇ ਅਜਾਨ ॥**

**निसि दिनु सुनि कै पुरान समझत नह रे अजान ॥**

ਹੇ ਮੂਰਖ! ਰਾਤ ਦਿਨ ਪੁਰਾਣ (ਆਦਿ ਪੁਸਤਕਾਂ ਦੀਆਂ ਕਹਾਣੀਆਂ) ਸੁਣ ਕੇ (ਵੀ) ਤੂੰ ਨਹੀਂ ਸਮਝਦਾ।

O fool! Even after listening to Puranas (etc) day and night, you do not understand.

अरे मूर्ख! दिन-रात पुराणों को सुनकर भी तू नहीं समझता।

**ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥੧॥ ਰਹਾਉ ॥**

**कालु तउ पहूचिओ आनि कहा जैहै भाजि रे ॥१॥ रहाउ ॥**

ਮੌਤ (ਦਾ ਸਮਾ) ਤਾਂ (ਨੇੜੇ) ਆ ਪਹੁੰਚਿਆ ਹੈ (ਦੱਸ, ਤੂੰ ਇਸ ਪਾਸੋਂ) ਭੱਜ ਕਿੱਥੇ ਚਲਾ ਜਾਏਂਗਾ ॥੧॥ ਠਹਿਰਾਉ ॥

The time of death has come near. Tell me, where will you run away (from reality)? ||1|| Pause.||

मृत्यु का समय आ गया है। (बताओ, इससे भागकर कहां जाओगे? ॥१॥ विराम॥

Page 1353

**ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥**

**असथिरु जो मानिओ देह सो तउ तेरउ होइ है खेह ॥**

ਜਿਸ (ਆਪਣੇ) ਸਰੀਰ ਨੂੰ ਤੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਬੈਠਾ ਹੈਂ, ਤੇਰਾ ਉਹ (ਸਰੀਰ) ਤਾਂ (ਜ਼ਰੂਰ) ਸੁਆਹ ਹੋ ਜਾਏਗਾ।

The body (of yours) which you think will last forever, that (body) of yours will (certainly) burn.

जिस शरीर को तुमने शाश्वत समझा है, वह अवश्य ही राख हो जायेगा।

**ਕਿਉ ਨ ਹਰਿ ਕੋ ਨਾਮੁ ਲੇਹਿ. ਮੂਰਖ ਨਿਲਾਜ ਰੇ ॥੧॥**

**किउ न हरि को नामु लेहि मूरख निलाज रे ॥१॥**

ਹੇ ਮੂਰਖ! ਹੇ ਬੇ-ਸ਼ਰਮ! ਤੂੰ ਕਿਉਂ ਪਰਮਾਤਮਾ ਦਾ ਨਾਮ ਨਹੀਂ ਜਪਦਾ? ॥੧॥

O fool! O shameless one! Why don't you chant the Name of God? ||1||

हे मूर्ख! हे निर्लज्ज! तू भगवान का नाम क्यों नहीं जपता? ॥१॥

**ਰਾਮ ਭਗਤਿ ਹੀਏ ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥**

**राम भगति हीए आनि छाडि दे तै मन को मानु ॥**

(ਆਪਣੇ) ਮਨ ਦਾ ਅਹੰਕਾਰ ਛੱਡ ਦੇਹ, ਪਰਮਾਤਮਾ ਦੀ ਭਗਤੀ (ਆਪਣੇ) ਹਿਰਦੇ ਵਿਚ ਵਸਾ ਲੈ!

Leave the ego of your mind and let the devotion of God reside in your heart.

अपने मन का अहंकार त्यागो तथा अपने हृदय में भगवान की भक्ति स्थापित करो!

**ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥੨॥੪॥**

**नानक जन इह बखानि जग महि बिराजु रे ॥२॥४॥**

ਦਾਸ ਨਾਨਕ (ਤੈਨੂੰ ਮੁੜ ਮੁੜ) ਇਹ ਗੱਲ ਹੀ ਆਖਦਾ ਹੈ ਕਿ ਇਹੋ ਜਿਹਾ ਸੁਚੱਜਾ ਜੀਵਨ ਜੀਉ! ॥੨॥੪॥

Servant Nanak tells you that you should live such a stable life! ||2||4||

सेवक नानक तुमसे बार-बार यही कहते हैं: ऐसा पुण्यमय जीवन जियो! ॥२॥४॥

Page 1426

**ੴ ਸਤਿਗੁਰ ਪ੍ਰਸਾਦਿ ॥**

**ੴ सतिगुर प्रसादि ॥**

ਅਕਾਲ ਪੁਰਖ ਇੱਕ ਹੈ ਅਤੇ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

Akaal Purakh (God) is one and can be attained by the grace of Satguru.

ईश्वर एक है तथा वह सतगुरु की कृपा से मिलता है।

**ਸਲੋਕ ਮਹਲਾ ੯ ॥**

**सलोक महला ९ ॥**

ਗੁਰੂ ਤੇਗ ਬਹਾਦਰ ਜੀ ਦੇ ਸਲੋਕ।

Verses of Sri Guru Teg Bahadur ji.

श्री गुरु तेग बहादुर जी के श्लोक।

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**

**गुन गोबिंद गाइओ नही जनमु अकारथ कीनु ॥**

ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣਾ ਮਨੁਖਾ ਜਨਮ ਨਿਕੰਮਾ ਕਰ ਲਿਆ।
If you never praise the qualities of God, then you have wasted your human birth.
यदि आपने कभी भगवान की स्तुति नहीं की है, तो आपने अपना मानव जीवन व्यर्थ कर दिया है।

### ਕਹੁ ਨਾਨਕ ਹਰਿ ਭਜੁ ਮਨਾ. ਜਿਹ ਬਿਧਿ ਜਲ ਕਉ ਮੀਨੁ ॥੧॥

**कहु नानक हरि भजु मना जिह बिधि जल कउ मीनु ॥१॥**
ਨਾਨਕ ਆਖਦਾ ਹੈ ਕਿ ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ (ਤੇ, ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ) ਜਿਵੇਂ ਪਾਣੀ ਨੂੰ ਮੱਛੀ (ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ) ॥੧॥
Nanak says, O mind! Worship God (and make Him the basis of your life) like a fish that makes water the basis of its life. ||1||
नानक कहते हैं, हे मन! तू ईश्वर की स्तुति कर (तथा उसे अपने जीवन का आधार बना) जैसे मछली जल को (अपने जीवन का आधार बना लेती है) ॥१॥

### ਬਿਖਿਅਨ ਸਿਉ ਕਾਹੇ ਰਚਿਓ. ਨਿਮਖ ਨ ਹੋਹਿ ਉਦਾਸੁ ॥

**बिखिअन सिउ काहे रचिओ निमख न होहि उदासु ॥**
ਤੂੰ ਵਿਸ਼ਿਆਂ ਨਾਲ ਕਿਉਂ (ਇਤਨਾ) ਮਸਤ ਰਹਿੰਦਾ ਹੈਂ? ਤੂੰ ਅੱਖ ਝਮਕਣ ਜਿਤਨੇ ਸਮੇ ਲਈ ਵੀ ਵਿਸ਼ਿਆਂ ਤੋਂ ਚਿੱਤ ਨਹੀਂ ਹਟਾਉਂਦਾ।
Why are you so engrossed in evil deeds? You do not take your mind off vices even for the blink of an eye.
तुम क्यों इच्छाओं में इतने डूबे हुए हो? तुम एक पल के लिए भी अपनी इच्छाओं से अपना मन नहीं हटाते।

### ਕਹੁ ਨਾਨਕ ਭਜੁ ਹਰਿ ਮਨਾ. ਪਰੈ ਨ ਜਮ ਕੀ ਫਾਸ ॥੨॥

**कहु नानक भजु हरि मना परै न जम की फास ॥२॥**
ਨਾਨਕ ਆਖਦਾ ਹੈ ਕਿ ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ! (ਭਜਨ ਦੀ ਬਰਕਤ ਨਾਲ) ਜਮਾਂ ਦੀ ਫਾਹੀ (ਗਲ ਵਿਚ) ਨਹੀਂ ਪੈਂਦੀ ॥੨॥
Nanak says, O mind! Keep on worshipping God. Thus, (with the blessings of worshipping) you shall not be hanged by Yama. ||2||
नानक कहते हैं, हे मन! प्रभु के भजन गा! (भजन के आशीर्वाद से) संग्रह का फंदा (गर्दन पर) नहीं पड़ता ॥२॥

### ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥

**तरनापो इउ ही गइओ लीओ जरा तनु जीति ॥**
(ਤੇਰੀ) ਜੁਆਨੀ ਬੇ-ਪਰਵਾਹੀ ਵਿਚ ਹੀ ਲੰਘ ਗਈ, (ਹੁਣ) ਬੁਢੇਪੇ ਨੇ ਤੇਰੇ ਸਰੀਰ ਨੂੰ ਜਿੱਤ ਲਿਆ ਹੈ।
(Your) youth was spent in carelessness, (now) old age has conquered your body.
(तुम्हारी) जवानी लापरवाही में बीत गई, (अब) बुढ़ापे ने तुम्हारे शरीर पर कब्ज़ा कर लिया है।

### ਕਹੁ ਨਾਨਕ ਭਜੁ ਹਰਿ ਮਨਾ. ਅਉਧ ਜਾਤੁ ਹੈ ਬੀਤਿ ॥੩॥

**कहु नानक भजु हरि मना अउध जातु है बीति ॥३॥**
ਨਾਨਕ ਆਖਦਾ ਹੈ ਕਿ ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ। ਉਮਰ ਲੰਘਦੀ ਜਾ ਰਹੀ ਹੈ ॥੩॥
Nanak says, O mind! Keep worshipping God. Your age is passing by.
नानक कहते हैं, “हे मन! ईश्वर का गुणगान कर। जीवन बीत रहा है” ॥३॥

### ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥

**बिरधि भइओ सूझै नही कालु पहूचिओ आनि ॥**
(ਵੇਖ, ਤੂੰ ਹੁਣ) ਬੁੱਢਾ ਹੋ ਗਿਆ ਹੈਂ (ਪਰ ਤੈਨੂੰ ਅਜੇ ਵੀ ਇਹ) ਸਮਝ ਨਹੀਂ ਆ ਰਹੀ ਕਿ ਮੌਤ (ਸਿਰ ਤੇ) ਆ ਪਹੁੰਚੀ ਹੈ।

(Look!) You have grown old now but you still cannot understand that death is upon you.
(देखो, अब) तुम बूढ़े हो गये हो किन्तु तुम अभी भी यह नहीं समझते कि मृत्यु आ गयी है।

**ਕਹੁ ਨਾਨਕ ਨਰ ਬਾਵਰੇ. ਕਿਉ ਨ ਭਜੈ ਭਗਵਾਨੁ ॥੪॥**
**कहु नानक नर बावरे किउ न भजै भगवानु ॥४॥**
ਨਾਨਕ ਆਖਦਾ ਹੈ ਕਿ ਹੇ ਝੱਲੇ ਮਨੁੱਖ! ਤੂੰ ਕਿਉਂ ਪਰਮਾਤਮਾ ਦਾ ਭਜਨ ਨਹੀਂ ਕਰਦਾ? ॥੪॥
Nanak says, "O foolish man! Why don't you worship God?". ||4||
नानक कहते हैं, "हे मूर्ख! तू भगवान की भक्ति क्यों नहीं करता?" ॥४॥

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**धनु दारा स्मपति सगल जिनि अपुनी करि मानि ॥**
(ਹੇ ਇਨਸਾਨ!) ਧਨ, ਇਸਤ੍ਰੀ, ਸਾਰੀ ਜਾਇਦਾਦ-(ਇਸ ਨੂੰ) ਆਪਣੀ ਕਰ ਕੇ ਨਾ ਮੰਨ!
(O man!) This wealth, woman, property that you consider as your own,
(हे मनुष्य!) धन, स्त्री, समस्त सम्पत्ति को अपना मत समझो!

**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥**
**इन मै कछु संगी नही नानक साची जानि ॥५॥**
ਹੇ ਨਾਨਕ! ਇਹ ਗੱਲ ਸੱਚੀ ਸਮਝ ਕਿ ਇਹਨਾਂ ਸਾਰਿਆਂ ਵਿਚੋਂ ਕੋਈ ਇੱਕ ਵੀ ਤੇਰਾ ਸਾਥੀ ਨਹੀਂ ਬਣ ਸਕਦਾ ॥੫॥
O Nanak! understand this truthfully that none of these can become your companion. ||5||
हे नानक! इस सत्य को समझ लो कि इनमें से एक भी तुम्हारा साथी नहीं बन सकता ॥५॥

**ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥**
**पतित उधारन भै हरन हरि अनाथ के नाथ ॥**
ਪ੍ਰਭੂ ਜੀ ਵਿਕਾਰੀਆਂ ਨੂੰ ਵਿਕਾਰਾਂ ਤੋਂ ਬਚਾਣ ਵਾਲੇ ਹਨ, ਸਾਰੇ ਡਰ ਦੂਰ ਕਰਨ ਵਾਲੇ ਹਨ, ਅਤੇ ਨਖਸਮਿਆਂ ਦੇ ਖਸਮ ਹਨ।
God is the Saviour of the people who are victim of vices, He is the one who removes all fears, and is the Master (Nath) of the orphans (masterless).
प्रभु ही दुष्टों को बुराई से बचाते हैं, जो सारा भय दूर करते हैं, तथा जो स्वामी रहित के स्वामी हैं।

**ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥**
**कहु नानक तिह जानीऐ सदा बसतु तुम साथि ॥६॥**
ਨਾਨਕ ਆਖਦਾ ਹੈ ਕਿ ਉਸ (ਪ੍ਰਭੂ) ਨੂੰ (ਇਉਂ) ਸਮਝਣਾ ਚਾਹੀਦਾ ਹੈ ਕਿ ਉਹ ਸਦਾ ਤੇਰੇ ਨਾਲ ਵੱਸਦਾ ਹੈ ॥੬॥
Nanak says that He (the Lord) should be understood (in this way) that He is always with you. ||6||
नानक कहते हैं कि उसे (प्रभु को) सदा अपने साथ रहने वाला समझना चाहिए ॥६॥

**ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥**
**तनु धनु जिह तो कउ दीओ तां सिउ नेहु न कीन ॥**
ਜਿਸ (ਪਰਮਾਤਮਾ) ਨੇ ਤੈਨੂੰ ਸਰੀਰ ਦਿੱਤਾ, ਧਨ ਦਿੱਤਾ, ਤੂੰ ਉਸ ਨਾਲ ਪਿਆਰ ਨਾ ਪਾਇਆ,
You could not love the one (God) who gave you body and wealth.
उस के साथ आप ने प्रेम नहीं किया जिस (प्रभु) ने तुझे शरीर तथा धन दिया है।

**ਕਹੁ ਨਾਨਕ ਨਰ ਬਾਵਰੇ. ਅਬ ਕਿਉ ਡੋਲਤ ਦੀਨ ॥੭॥**
**कहु नानक नर बावरे अब किउ डोलत दीन ॥७॥**

ਨਾਨਕ ਆਖਦਾ ਹੈ ਕਿ ਹੇ ਝੱਲੇ ਮਨੁੱਖ! ਹੁਣ ਆਤਰ ਹੋ ਕੇ ਘਬਰਾਇਆ ਕਿਉਂ ਫਿਰਦਾ ਹੈਂ (ਭਾਵ, ਉਸ ਹਰੀ ਨੂੰ ਯਾਦ ਕਰਨ ਤੋਂ ਬਿਨਾ ਘਬਰਾਉਣਾ ਤਾਂ ਹੋਇਆ ਹੀ) ॥੭॥

Nanak says, "Oh foolish man! Why do you wander around so pitifully and worried" (that is, without remembering that God, worry is inevitable). ||7||

नानक कहते हैं - "हे मूर्ख! तू अब क्यों घबराकर इधर-उधर भटक रहा है?" (अर्थात् उस प्रभु का स्मरण न करके तू घबरा गया है।) ॥७॥

### ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥

**तनु धनु स्मपै सुख दीओ अरु जिह नीके धाम ॥**

ਜਿਸ (ਪਰਮਾਤਮਾ) ਨੇ ਸਰੀਰ ਦਿੱਤਾ, ਧਨ ਦਿੱਤਾ, ਜਾਇਦਾਦ ਦਿੱਤੀ, ਸੁਖ ਦਿੱਤੇ ਅਤੇ ਸੋਹਣੇ ਘਰ ਦਿੱਤੇ,

The one who gave us the body, wealth, property, happiness and beautiful homes,

वह (ईश्वर) जिसने हमें शरीर, धन, संपत्ति, सुख तथा सुंदर घर दिए,

### ਕਹੁ ਨਾਨਕ ਸੁਨੁ ਰੇ ਮਨਾ. ਸਿਮਰਤ ਕਾਹਿ ਨ ਰਾਮੁ ॥੮॥

**कहु नानक सुनु रे मना सिमरत काहि न रामु ॥८॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਸ ਪਰਮਾਤਮਾ ਦਾ ਤੂੰ ਸਿਮਰਨ ਕਿਉਂ ਨਹੀਂ ਕਰਦਾ? ॥੮॥

Nanak says, O mind! Listen, why don't you remember that God? ||8||

नानक कहते हैं, "हे मन! सुन, तू उस ईश्वर का ध्यान क्यों नहीं करता?" ॥८॥

### ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥

**सभ सुख दाता रामु है दूसर नाहिन कोइ ॥**

ਪਰਮਾਤਮਾ (ਹੀ) ਸਾਰੇ ਸੁਖ ਦੇਣ ਵਾਲਾ ਹੈ, (ਉਸ ਦੇ ਬਰਾਬਰ ਦਾ ਹੋਰ) ਕੋਈ ਦੂਜਾ ਨਹੀਂ ਹੈ।

God is the one who gives all happiness; there is no one equal to Him.

भगवान सभी सुखों के दाता हैं, (उनके समान) दूसरा कोई नहीं है।

### ਕਹੁ ਨਾਨਕ ਸੁਨਿ ਰੇ ਮਨਾ. ਤਿਹ ਸਿਮਰਤ ਗਤਿ ਹੋਇ ॥੯॥

**कहु नानक सुनि रे मना तिह सिमरत गति होइ ॥९॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਸ (ਦਾ ਨਾਮ) ਸਿਮਰਦਿਆਂ ਉੱਚੀ ਆਤਮਕ ਅਵਸਥਾ (ਵੀ) ਪ੍ਰਾਪਤ ਹੋ ਜਾਂਦੀ ਹੈ ॥੯॥

Nanak says, "O mind! Listen, by remembering Him (the God's Name) one attains a high spiritual state also". ||9||

नानक कहते हैं, "हे मन! सुन! उसका नाम स्मरण करने से मनुष्य उच्च आध्यात्मिक अवस्था को प्राप्त कर लेता है" ॥९॥

**Page 1427**

### ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥

**जिह सिमरत गति पाईऐ तिह भजु रे तै मीत ॥**

ਹੇ ਮਿੱਤਰ! ਤੂੰ ਉਸ ਪਰਮਾਤਮਾ ਦਾ ਭਜਨ ਕਰਿਆ ਕਰ, ਜਿਸ ਦਾ ਨਾਮ ਸਿਮਰਦਿਆਂ ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ।

O friend! You should worship that Supreme Being, by remembering whose Name one attains a high spiritual state.

हे मित्र! तुम्हें उस भगवान की भक्ति करनी चाहिए, जिसका नाम स्मरण करने से उच्च आध्यात्मिक गति प्राप्त होती है।

**ਕਹੁ ਨਾਨਕ ਸੁਨੁ ਰੇ ਮਨਾ. ਅਉਧ ਘਟਤ ਹੈ ਨੀਤ ॥੧੦॥**

**कहु नानक सुनु रे मना अउध घटत है नीत ॥१०॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਮਰ ਸਦਾ ਘਟਦੀ ਜਾ ਰਹੀ ਹੈ (ਪਰਮਾਤਮਾ ਦਾ ਸਿਮਰਨ ਨਾ ਵਿਸਾਰ) ॥੧੦॥

Nanak says, “O mind! Listen, age is always decreasing (don’t forget to remember God)”.

नानक कहते हैं, “हे मन! सुन, आयु सदैव घटती जा रही है (परमात्मा का स्मरण मत भूल)” ॥१०॥

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**

**पांच तत को तनु रचिओ जानहु चतुर सुजान ॥**

ਹੇ ਚਤੁਰ ਮਨੁੱਖ! ਹੇ ਸਿਆਣੇ ਮਨੁੱਖ! ਤੂੰ ਜਾਣਦਾ ਹੈਂ ਕਿ (ਤੇਰਾ ਇਹ) ਸਰੀਰ (ਪਰਮਾਤਮਾ ਨੇ) ਪੰਜ ਤੱਤਾਂ ਤੋਂ ਬਣਾਇਆ ਹੈ।

O clever man! O wise man! You know that (this) body of yours has been made (by God) from five elements.

हे चतुर मनुष्य! हे बुद्धिमान मनुष्य! तुम जानते हो कि तुम्हारा यह शरीर (ईश्वर ने) पाँच तत्वों से बनाया है।

**ਜਿਹ ਤੇ ਉਪਜਿਓ ਨਾਨਕਾ. ਲੀਨ ਤਾਹਿ ਮੈ ਮਾਨੁ ॥੧੧॥**

**जिह ते उपजिओ नानका लीन ताहि मै मानु ॥११॥**

ਹੇ ਨਾਨਕ! (ਇਹ ਵੀ) ਯਕੀਨ ਜਾਣ ਕਿ ਜਿਨ੍ਹਾਂ ਤੱਤਾਂ ਤੋਂ (ਇਹ ਸਰੀਰ) ਬਣਿਆ ਹੈ (ਮੁੜ) ਉਹਨਾਂ ਵਿਚ ਹੀ ਲੀਨ ਹੋ ਜਾਉਗਾ (ਫਿਰ ਇਸ ਸਰੀਰ ਦੇ ਝੂਠੇ ਮੋਹ ਵਿਚ ਫਸ ਕੇ ਪਰਮਾਤਮਾ ਦਾ ਸਿਮਰਨ ਕਿਉਂ ਭੁਲਾ ਰਿਹਾ ਹੈਂ? ॥੧੧॥

O Nanak! (Know this also) with certainty that (this body) will (again) merge into the same elements from which it is made. (Then why are you forgetting the remembrance of God by getting trapped in the false attachment of this body? ||11||

हे नानक! (यह भी) निश्चय रखो कि तुम पुनः उन तत्वों में लीन हो जाओगे जिनसे (यह शरीर) बना है (फिर तुम इस शरीर की झूठी आसक्ति में क्यों फँसे हुए हो तथा परमात्मा की याद क्यों भूल गए हो? ॥११॥

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**

**घट घट मै हरि जू बसै संतन कहिओ पुकारि ॥**

ਸੰਤ ਜਨੋ ਨੇ ਉੱਚੀ ਕੂਕ ਕੇ ਦੱਸ ਦਿੱਤਾ ਹੈ ਕਿ ਪਰਮਾਤਮਾ ਹਰੇਕ ਸਰੀਰ ਵਿਚ ਵੱਸ ਰਿਹਾ ਹੈ।

The saintly beings have loudly told that God resides in every body.

संतों ने जोर देकर कहा है कि ईश्वर हर शरीर में निवास करता है।

**ਕਹੁ ਨਾਨਕ ਤਿਹ ਭਜੁ ਮਨਾ. ਭਉ ਨਿਧਿ ਉਤਰਹਿ ਪਾਰਿ ॥੧੨॥**

**कहु नानक तिह भजु मना भउ निधि उतरहि पारि ॥१२॥**

ਨਾਨਕ ਆਖਦਾ ਹੈ ਕਿ ਹੇ ਮਨ! ਤੂੰ ਉਸ (ਪਰਮਾਤਮਾ) ਦਾ ਭਜਨ ਕਰਿਆ ਕਰ, (ਭਜਨ ਦੀ ਬਰਕਤ ਨਾਲ) ਸੰਸਾਰ-ਸਮੁੰਦਰ ਤੋਂ ਤੂੰ ਪਾਰ ਲੰਘ ਜਾਏਂਗਾ ॥੧੨॥

Nanak says, “O mind! You should worship Him (God), (with the blessings of worship) you will cross this world-ocean”. ||12||

नानक कहते हैं, “हे मन! यदि तू उसकी (परमेश्वर की) भक्ति करेगा, (पूजा के आशीर्वाद से) तू संसार सागर से पार हो जायेगा” ॥१२॥

**ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥**

**सुखु दुखु जिह परसै नही लोभु मोहु अभिमानु ॥**

ਜਿਸ ਮਨੁੱਖ (ਦੇ ਹਿਰਦੇ) ਨੂੰ ਸੁਖ ਦੁਖ ਨਹੀਂ ਪੋਹ ਸਕਦਾ, ਲੋਭ ਮੋਹ ਅਹੰਕਾਰ ਨਹੀਂ ਪੋਹ ਸਕਦਾ (ਭਾਵ, ਜਿਹੜਾ ਮਨੁੱਖ ਸੁਖ ਦੁਖ ਵੇਲੇ ਆਤਮਕ ਜੀਵਨ ਵੱਲੋਂ ਨਹੀਂ ਡੋਲਦਾ, ਜਿਸ ਉਤੇ ਲੋਭ ਮੋਹ ਅਹੰਕਾਰ ਆਪਣਾ ਜ਼ੋਰ ਨਹੀਂ ਪਾ ਸਕਦਾ),

The man (whose heart) cannot be affected by joy and sorrow and cannot be touched by greed, attachment or ego (meaning, the man who does not waver from his spiritual life at the time of joy and sorrow, on to whom greed, attachment, ego cannot exert their influence),
जिस मनुष्य को लोभ, मोह तथा अहंकार छू नहीं सकते (अर्थात् ऐसा व्यक्ति जो सुख या दुःख के समय आध्यात्मिक जीवन से विचलित नहीं होता, जिस पर लोभ, मोह तथा अहंकार अपना प्रभाव नहीं डाल सकते),

**ਕਹੁ ਨਾਨਕ ਸੁਨੁ ਰੇ ਮਨਾ. ਸੋ ਮੂਰਤਿ ਭਗਵਾਨ ॥੧੩॥**
**कहु नानक सुनु रे मना सो मूरति भगवान ॥१३॥**
ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਹ ਮਨੁੱਖ (ਸਾਖਿਆਤ) ਪਰਮਾਤਮਾ ਦਾ ਰੂਪ ਹੈ ॥੧੩॥
Nanak says, "O mind! Listen, that man is the manifestation of God". ||13||
नानक कहते हैं, "हे मन! सुन, वह मनुष्य (शाब्दिक रूप से) ईश्वर का रूप है" ॥१३॥

**ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥**
**उसतति निंदिआ नाहि जिहि कंचन लोह समानि ॥**
ਜਿਸ ਮਨੁੱਖ (ਦੇ ਮਨ) ਨੂੰ ਉਸਤਤ ਨਹੀਂ (ਡੁਲਾ ਸਕਦੀ) ਨਿੰਦਿਆ ਨਹੀਂ (ਡੁਲਾ ਸਕਦੀ), ਜਿਸ ਨੂੰ ਸੋਨਾ ਅਤੇ ਲੋਹਾ ਇਕੋ ਜਿਹੇ (ਦਿਸਦੇ ਹਨ, ਭਾਵ, ਜੋ ਲਾਲਚ ਵਿਚ ਨਹੀਂ ਫਸਦਾ),
The man (whose mind) cannot be shaken by praise, cannot be spoilt by criticism, to whom gold and iron appear alike, who does not get entangled in greed,
जो पुरुष न तो प्रशंसा से विचलित होता है तथा न ही निंदा से, जिसके लिए सोना तथा लोहा एक समान हैं, (अर्थात जो लोभ में नहीं फँसा है),

**ਕਹੁ ਨਾਨਕ ਸੁਨਿ ਰੇ ਮਨਾ. ਮੁਕਤਿ ਤਾਹਿ ਤੈ ਜਾਨਿ ॥੧੪॥**
**कहु नानक सुनि रे मना मुकति ताहि तै जानि ॥१४॥**
ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਇਹ ਗੱਲ (ਪੱਕ) ਜਾਣ ਕਿ ਉਸ ਨੂੰ ਮੋਹ ਤੋਂ ਛੁਟਕਾਰਾ ਮਿਲ ਚੁੱਕਾ ਹੈ ॥੧੪॥
Nanak says, "O mind! Listen, know this (firmly) that it has got freedom from attachment". ||14||
नानक कहते हैं, "हे मन! सुन, यह जान कि वह आसक्ति से मुक्त हो गया है" ॥१४॥

**ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥**
**हरखु सोगु जा कै नही बैरी मीत समानि ॥**
ਜਿਸ ਮਨੁੱਖ ਦੇ ਹਿਰਦੇ ਵਿਚ ਖ਼ੁਸ਼ੀ ਗ਼ਮੀ ਆਪਣਾ ਜ਼ੋਰ ਨਹੀਂ ਪਾ ਸਕਦੀ, ਜਿਸ ਨੂੰ ਵੈਰੀ ਤੇ ਮਿੱਤਰ ਇਕੋ ਜਿਹੇ (ਮਿੱਤਰ ਹੀ) ਜਾਪਦੇ ਹਨ,
The person in whose heart happiness and sorrow cannot find their strength, to whom enemies and friends seem the same (only friends),
जिस मनुष्य के हृदय में न तो खुशी रहती है तथा न ही दुख, जिसके लिए शत्रु तथा मित्र एक समान प्रतीत होते हैं,

**ਕਹੁ ਨਾਨਕ ਸੁਨਿ ਰੇ ਮਨਾ. ਮੁਕਤਿ ਤਾਹਿ ਤੈ ਜਾਨਿ ॥੧੫॥**
**कहु नानक सुनि रे मना मुकति ताहि तै जानि ॥१५॥**
ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਤੂੰ ਇਹ ਗੱਲ ਪੱਕੀ ਸਮਝ ਕਿ ਉਸ ਨੂੰ ਮਾਇਆ ਦੇ ਮੋਹ ਤੋਂ ਖ਼ਲਾਸੀ ਮਿਲ ਚੁੱਕੀ ਹੈ ॥੧੫॥
Nanak says, "O mind! Listen, you must firmly understand that he has already been freed from the attachment of Maya". ||15||
नानक कहते हैं, "हे मन! सुन, यह निश्चय समझ कि वह माया से मुक्त हो गया है" ॥१५॥

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**

**भै काहू कउ देत नहि नहि भै मानत आन ॥**

ਜਿਹੜਾ ਮਨੁੱਖ ਕਿਸੇ ਨੂੰ (ਕੋਈ) ਡਰਾਵੇ ਨਹੀਂ ਦਿੰਦਾ, ਅਤੇ ਕਿਸੇ ਦੇ ਡਰਾਵੇ ਨਹੀਂ ਮੰਨਦਾ (ਡਰਾਵਿਆਂ ਤੋਂ ਘਬਰਾਉਂਦਾ ਨਹੀਂ)

The person who does not frighten anyone and does not believe in anyone's threats (does not panic due to fear),

वह व्यक्ति जो किसी को धमकी नहीं देता, तथा किसी की धमकी स्वीकार नहीं करता (धमकियों से नहीं डरता)

**ਕਹੁ ਨਾਨਕ ਸੁਨਿ ਰੇ ਮਨਾ. ਗਿਆਨੀ ਤਾਹਿ ਬਖਾਨਿ ॥੧੬॥**

**कहु नानक सुनि रे मना गिआनी ताहि बखानि ॥१६॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਸ ਨੂੰ ਆਤਮਕ ਜੀਵਨ ਦੀ ਸੂਝ ਵਾਲਾ ਸਮਝ ॥੧੬॥

Nanak says, "O mind! Listen, consider that person to be spiritually enlightened". ||16||

नानक कहते हैं, "हे मन! सुनो, उसे समझो जिसके पास आध्यात्मिक जीवन का ज्ञान है" ॥१६॥

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**

**जिहि बिखिआ सगली तजी लीओ भेख बैराग ॥**

ਜਿਸ (ਮਨੁੱਖ) ਨੇ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਾ, ਈਰਖਾ, ਆਦਿ ਅਨੇਕਾਂ ਰੂਪਾਂ ਵਾਲੀ) ਸਾਰੀ ਦੀ ਸਾਰੀ ਮਾਇਆ ਤਿਆਗ ਦਿੱਤੀ, (ਉਸੇ ਨੇ ਹੀ ਸਹੀ) ਵੈਰਾਗ ਦਾ (ਸਹੀ) ਭੇਖ ਧਾਰਨ ਕੀਤਾ (ਸਮਝ)।

The one (man) who has given up all the illusions (in many forms like lust, anger, greed, attachment, ego, slander, jealousy, etc.), (only he) has assumed (the true) form of detachment (understanding).

जिसने सम्पूर्ण (काम, क्रोध, लोभ, मोह, अहंकार, निंदा, ईर्ष्या आदि वाली) माया को त्याग दिया है, (समझ ले कि) उसने सम्यक् वैराग्य रूप को ग्रहण कर लिया है।

**ਕਹੁ ਨਾਨਕ ਸੁਨੁ ਰੇ ਮਨਾ. ਤਿਹ ਨਰ ਮਾਥੈ ਭਾਗੁ ॥੧੭॥**

**कहु नानक सुनु रे मना तिह नर माथै भागु ॥१७॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਸ ਮਨੁੱਖ ਦੇ ਮੱਥੇ ਉਤੇ (ਚੰਗਾ) ਭਾਗ (ਜਾਗਿਆ ਸਮਝ) ॥੧੭॥

Nanak says, "O mind! Listen, understand that that man has a (good) fortune on his forehead!"||17||

नानक कहते हैं, "हे मन! सुन, (समझ कि) उस मनुष्य के माथे पर (अच्छा) भाग्य (जागृत) है" ॥१७॥

**ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥**

**जिहि माइआ ममता तजी सभ ते भइओ उदासु ॥**

ਜਿਸ (ਮਨੁੱਖ) ਨੇ ਮਾਇਆ ਦਾ ਮੋਹ ਛੱਡ ਦਿੱਤਾ, (ਜਿਹੜਾ ਮਨੁੱਖ ਮਾਇਆ ਦੇ ਕਾਮਾਦਿਕ) ਸਾਰੇ ਵਿਕਾਰਾਂ ਵੱਲੋਂ ਉਪਰਾਮ ਹੋ ਗਿਆ,

He (the person) who has given up the attachment to Maya, (the person who has become free from all the evil deeds of Maya etc.),

जिसने माया की आसक्ति त्याग दी है, जो माया की वासना के सभी दोषों से मुक्त हो गया है,

**ਕਹੁ ਨਾਨਕ ਸੁਨੁ ਰੇ ਮਨਾ. ਤਿਹ ਘਟਿ ਬ੍ਰਹਮ ਨਿਵਾਸੁ ॥੧੮॥**

**कहु नानक सुनु रे मना तिह घटि ब्रहम निवासु ॥१८॥**

ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਉਸ ਦੇ ਹਿਰਦੇ ਵਿਚ (ਪਰਤੱਖ ਤੌਰ ਤੇ) ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ ॥੧੮॥

Nanak says, "O mind! Listen, God resides (directly) in his heart.". ||18||

नानक कहते हैं, "हे मन, सुन! उसके हृदय में ईश्वर निवास करता है" ॥१८॥

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥**

**जिहि प्रानी हउमै तजी करता रामु पछानि ॥**

ਜਿਸ ਮਨੁੱਖ ਨੇ ਕਰਤਾਰ ਸਿਰਜਣਹਾਰ ਨਾਲ ਡੂੰਘੀ ਸਾਂਝ ਪਾ ਕੇ (ਆਪਣੇ ਅੰਦਰੋਂ) ਹਉਮੈ ਤਿਆਗ ਦਿੱਤੀ,

The person who has given up ego (from within himself) by establishing a deep intimacy with the Creator of the universe,

जिस व्यक्ति ने सृष्टिकर्ता के साथ गहरा संबंध स्थापित करके अहंकार को (अपने भीतर से) त्याग दिया है,

**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥**

**कहु नानक वहु मुकति नरु इह मन साची मानु ॥१९॥**

ਨਾਨਕ ਆਖਦਾ ਹੈ ਕਿ ਹੇ ਮਨ! ਇਹ ਗੱਲ ਸੱਚੀ ਸਮਝ ਕਿ ਉਹ ਮਨੁੱਖ (ਹੀ) ਮੁਕਤ ਹੈ ॥੧੯॥

Nanak says, O mind! Understand this truthfully that only that man is liberated (from vices). ||19||

नानक कहते हैं, "हे मन! इस सत्य को समझ ले कि वह मनुष्य मुक्त है" ॥१९॥

**ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥**

**भै नासन दुरमति हरन कलि मै हरि को नामु ॥**

ਇਸ ਕਲੇਸ਼ਾਂ-ਭਰੇ ਸੰਸਾਰ ਵਿਚ ਪਰਮਾਤਮਾ ਦਾ ਨਾਮ (ਹੀ) ਸਾਰੇ ਡਰ ਨਾਸ ਕਰਨ ਵਾਲਾ ਹੈ, ਖੋਟੀ ਮੱਤ ਦੂਰ ਕਰਨ ਵਾਲਾ ਹੈ।

In this world full of troubles, it is only the Name of God that can destroy all fears and remove evil-mindedness.

इस अशांत संसार में, भगवान का नाम सभी भय का नाश करने वाला तथा मिथ्या विश्वासों को दूर करने वाला है।

**ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥**

**निसि दिनु जो नानक भजै सफल होहि तिह काम ॥२०॥**

ਹੇ ਨਾਨਕ! ਜਿਹੜਾ ਮਨੁੱਖ ਪ੍ਰਭੂ ਦਾ ਨਾਮ ਰਾਤ ਦਿਨ ਜਪਦਾ ਰਹਿੰਦਾ ਹੈ ਉਸ ਦੇ ਸਾਰੇ ਕੰਮ ਨੇਪਰੇ ਚੜ੍ਹ ਜਾਂਦੇ ਹਨ ॥੨੦॥

O Nanak! The man who keeps on reciting the Name of the Lord day and night, all his affairs get accomplished. ||20||

हे नानक! जो व्यक्ति दिन-रात भगवान का नाम जपता है, उसके सभी कार्य सिद्ध हो जाते हैं ॥२०॥

**ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**

**जिहबा गुन गोबिंद भजहु करन सुनहु हरि नामु ॥**

(ਆਪਣੀ) ਜੀਭ ਨਾਲ ਪਰਮਾਤਮਾ ਦੇ ਗੁਣਾਂ ਦਾ ਜਾਪ ਕਰਿਆ ਕਰੋ, (ਆਪਣੇ) ਕੰਨਾਂ ਨਾਲ ਪਰਮਾਤਮਾ ਦਾ ਨਾਮ ਸੁਣਿਆ ਕਰੋ।

Chant the glories of God with (your) tongue, listen to the Name of God with (your) ears!

अपनी जीभ से भगवान के गुणों का जप करो तथा अपने कानों से भगवान का नाम सुनो।

**ਕਹੁ ਨਾਨਕ ਸੁਨਿ ਰੇ ਮਨਾ. ਪਰਹਿ ਨ ਜਮ ਕੈ ਧਾਮ ॥੨੧॥**

**कहु नानक सुनि रे मना परहि न जम कै धाम ॥२१॥**

ਨਾਨਕ ਆਖਦਾ ਹੈ ਕਿ ਹੇ ਮਨ! (ਜਿਹੜੇ ਮਨੁੱਖ ਨਾਮ ਜਪਦੇ ਹਨ, ਉਹ) ਜਮਾਂ ਦੇ ਵੱਸ ਨਹੀਂ ਪੈਂਦੇ ॥੨੧॥

Nanak says, O mind! (Those who chant the Name) do not come under the control of Yama the messenger of death. ||21||

नानक कहते हैं, "हे मन! (जो लोग नाम जपते हैं) वे संचय की यम के अधीन नहीं होते" ॥२१॥

**ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥**

**जो प्रानी ममता तजै लोभ मोह अहंकार ॥**

ਜਿਹੜਾ ਮਨੁੱਖ (ਆਪਣੇ ਅੰਦਰੋਂ ਮਾਇਆ ਦੀ) ਮਮਤਾ ਤਿਆਗਦਾ ਹੈ, ਲੋਭ ਮੋਹ ਅਤੇ ਅਹੰਕਾਰ ਦੂਰ ਕਰਦਾ ਹੈ,
The person who abandons the attachment (to Maya) and removes greed, infatuation and ego,
जो व्यक्ति माया से आसक्ति त्याग देता है, लोभ, मोह तथा अहंकार को दूर कर देता है,

## ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥

**कहु नानक आपन तरै अउरन लेत उधार ॥२२॥**
ਨਾਨਕ ਆਖਦਾ ਹੈ ਕਿ ਉਹ ਆਪ (ਵੀ ਇਸ ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ (ਵਿਕਾਰਾਂ ਤੋਂ) ਬਚਾ ਲੈਂਦਾ ਹੈ ॥੨੨॥
Nanak says that he himself crosses (this world-ocean) and also saves others (from vices). ||22||
नानक कहते हैं कि वह स्वयं भी (इस संसार-सागर से) पार हो जाता है तथा दूसरों को भी (दुष्कर्मों से) बचाता है ॥२२॥

## ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥

**जिउ सुपना अरु पेखना ऐसे जग कउ जानि ॥**
ਜਿਵੇਂ (ਸੁੱਤੇ ਪਿਆਂ) ਸੁਪਨਾ (ਆਉਂਦਾ ਹੈ) ਅਤੇ (ਉਸ ਸੁਪਨੇ ਵਿਚ ਕਈ ਪਦਾਰਥ) ਦਿੱਖਦੇ ਹਨ, ਤਿਵੇਂ ਇਸ ਜਗਤ ਨੂੰ ਸਮਝ ਲੈ।
Just like a dream (comes while sleeping) and (many things are seen in that dream), understand this world in the same way.
जैसे सोये हुए मनुष्य को स्वप्न आता है तथा उस स्वप्न में बहुत सी वस्तुएँ दिखाई देती हैं, वैसे ही इस संसार को समझो।

## ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥

**इन मै कछु साचो नही नानक बिनु भगवान ॥२३॥**
ਹੇ ਨਾਨਕ! ਪਰਮਾਤਮਾ ਦੇ ਨਾਮ ਤੋਂ ਬਿਨਾ (ਜਗਤ ਵਿਚ ਦਿੱਸ ਰਹੇ) ਇਹਨਾਂ (ਪਦਾਰਥਾਂ) ਵਿਚ ਕੋਈ ਵੀ ਪਦਾਰਥ ਸਦਾ ਸਾਥ ਨਿਬਾਹੁਣ ਵਾਲਾ ਨਹੀਂ ਹੈ ॥੨੩॥
O Nanak! Without the Name of God, none of these (objects) visible in the world will last forever. ||23||
हे नानक! परमात्मा के नाम के बिना इनमें कोई भी पदार्थ ऐसा नहीं है जो सदा साथ दे ॥२३॥

## ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥

**निसि दिनु माइआ कारने प्रानी डोलत नीत ॥**
ਮਾਇਆ (ਇਕੱਠੀ ਕਰਨ) ਦੀ ਖ਼ਾਤਰ ਮਨੁੱਖ ਸਦਾ ਰਾਤ ਦਿਨ ਭਟਕਦਾ ਫਿਰਦਾ ਹੈ।
In order to (accumulate) wealth man always wanders (makes efforts) day and night.
मनुष्य धन के लिए दिन-रात भटकता रहता है।

## ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥

**कोटन मै नानक कोऊ नाराइनु जिह चीति ॥२४॥**
ਹੇ ਨਾਨਕ! ਕ੍ਰੋੜਾਂ (ਬੰਦਿਆਂ) ਵਿਚ ਕੋਈ ਵਿਰਲਾ (ਅਜਿਹਾ ਹੁੰਦਾ) ਹੈ, ਜਿਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਟਿਕੀ ਹੁੰਦੀ ਹੈ ॥੨੪॥
There is only one rare one whose mind remains focused on the remembrance of God. ||24||
कोई एक अनोखा ही ऐसा होता है जिसका मन परमात्मा के स्मरण से भरा होता है ॥२४॥

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥**
**जैसे जल ते बुदबुदा उपजै बिनसै नीत ॥**
ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ ਹੁੰਦਾ ਰਹਿੰਦਾ ਹੈ,
Just like bubbles are always created and destroyed from water,
जिस प्रकार पानी का बुलबुला निरन्तर बनता तथा नष्ट होता रहता है,

**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥**
**जग रचना तैसे रची कहु नानक सुनि मीत ॥२५॥**
ਨਾਨਕ ਆਖਦਾ ਹੈ ਕਿ ਹੇ ਮਿੱਤਰ! ਸੁਣ, ਤਿਵੇਂ ਹੀ (ਪਰਮਾਤਮਾ ਨੇ) ਜਗਤ ਦੀ (ਇਹ) ਖੇਡ ਬਣਾਈ ਹੋਈ ਹੈ ॥੨੫॥
Nanak says, "O friend! Listen! In the same way (God) has created (this) game of the world. ||25||
नानक कहते हैं, "हे मित्र! सुनो, भगवान ने संसार का खेल इसी प्रकार रचा है" ॥२५॥

**ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥**
**प्रानी कछू न चेतई मदि माइआ कै अंधु ॥**
ਪਰ ਮਾਇਆ ਦੇ ਨਸ਼ੇ ਵਿਚ (ਆਤਮਕ ਜੀਵਨ ਵੱਲੋਂ) ਅੰਨ੍ਹਾ ਹੋਇਆ ਮਨੁੱਖ (ਆਤਮਕ ਜੀਵਨ ਬਾਰੇ) ਕੁਝ ਵੀ ਨਹੀਂ ਸੋਚਦਾ।
But man, blinded by the intoxication of Maya, does not think anything (about spiritual life).
परंतु माया के नशे में अंधा हुआ व्यक्ति कुछ भी नहीं सोचता।

**ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥**
**कहु नानक बिनु हरि भजन परत ताहि जम फंध ॥२६॥**
ਨਾਨਕ ਆਖਦਾ ਹੈ ਕਿ ਪਰਮਾਤਮਾ ਦੇ ਭਜਨ ਤੋਂ ਬਿਨਾ (ਅਜਿਹੇ ਮਨੁੱਖ ਨੂੰ) ਜਮਾਂ ਦੀਆਂ ਫਾਹੀਆਂ ਪਈਆਂ ਰਹਿੰਦੀਆਂ ਹਨ ॥੨੬॥
Nanak says that without the worship of God (such a person) remains trapped in the noose of Yama (the messenger of death). ||26||
नानक कहते हैं कि ईश्वर की भक्ति के बिना (ऐसा व्यक्ति) यम के जाल में फंसा रहता है ॥२६॥

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**
**जउ सुख कउ चाहै सदा सरनि राम की लेह ॥**
ਜੇ (ਮਨੁੱਖ) ਆਤਮਕ ਆਨੰਦ (ਹਾਸਲ ਕਰਨਾ) ਚਾਹੁੰਦਾ ਹੈ, ਤਾਂ (ਉਸ ਨੂੰ ਚਾਹੀਦਾ ਹੈ ਕਿ) ਪਰਮਾਤਮਾ ਦੀ ਸਰਨ ਪਿਆ ਰਹੇ।
If (man) wants to attain spiritual bliss, then (he should) take refuge in God.
यदि कोई व्यक्ति आध्यात्मिक आनंद प्राप्त करना चाहता है तो उसे भगवान की शरण लेनी चाहिए।

**ਕਹੁ ਨਾਨਕ ਸੁਨਿ ਰੇ ਮਨਾ. ਦੁਰਲਭ ਮਾਨੁਖ ਦੇਹ ॥੨੭॥**
**कहु नानक सुनि रे मना दुरलभ मानुख देह ॥२७॥**
ਨਾਨਕ ਆਖਦਾ ਹੈ ਕਿ ਹੇ ਮਨ! ਸੁਣ, ਇਹ ਮਨੁਖਾ ਸਰੀਰ ਬੜੀ ਮੁਸ਼ਕਿਲ ਨਾਲ ਮਿਲਦਾ ਹੈ (ਇਸ ਨੂੰ ਮਾਇਆ ਦੀ ਖ਼ਾਤਰ ਭਟਕਣਾ ਵਿਚ ਹੀ ਨਹੀਂ ਰੋਲ ਦੇਣਾ ਚਾਹੀਦਾ) ॥੨੭॥
Nanak says, "O mind! Listen! This human body is obtained with great difficulty (it should not be wasted in wandering for the sake of Maya). ||27||
नानक कहते हैं, "हे मन! सुन, यह मानव शरीर बड़ी कठिनाई से प्राप्त हुआ है (इसे माया के कारण भटकने नहीं देना चाहिए)" ॥२७॥

**ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥**
**माइआ कारनि धावही मूरख लोग अजान ॥**

ਮੂਰਖ ਬੇ-ਸਮਝ ਬੰਦੇ (ਨਿਰੀ) ਮਾਇਆ (ਇਕੱਠੀ ਕਰਨ) ਵਾਸਤੇ ਭਟਕਦੇ ਰਹਿੰਦੇ ਹਨ,
Senseless and ignorant people (due to Maya) keep wandering around (to accumulate) wealth,
मूर्ख, नासमझ लोग धन की खोज में भटकते रहते हैं।

**ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥**

**कहु नानक बिनु हरि भजन बिरथा जनमु सिरान ॥२८॥**

ਨਾਨਕ ਆਖਦਾ ਹੈ ਕਿ ਪਰਮਾਤਮਾ ਦੇ ਭਜਨ ਤੋਂ ਬਿਨਾ (ਉਹਨਾਂ ਦਾ ਇਹ ਮਨੁਖਾ) ਜਨਮ ਅਜਾਈਂ ਬੀਤ ਜਾਂਦਾ ਹੈ ॥੨੮॥
Nanak says that without the worship of God (his human) life is passing in vain. ||28||
नानक कहते हैं कि प्रभु के भजन के बिना (यह मनुष्य) जन्म व्यर्थ हो जाता है ॥२८॥

**ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥**

**जो प्रानी निसि दिनु भजै रूप राम तिह जानु ॥**

ਜਿਹੜਾ ਮਨੁੱਖ ਰਾਤ ਦਿਨ (ਹਰ ਵੇਲੇ ਪਰਮਾਤਮਾ ਦਾ ਨਾਮ) ਜਪਦਾ ਰਹਿੰਦਾ ਹੈ, ਉਸ ਨੂੰ ਪਰਮਾਤਮਾ ਦਾ ਰੂਪ ਸਮਝੋ।
Consider him to be a form of God who keeps chanting God's Name day and night (all the time).
जो व्यक्ति दिन-रात (हर समय) भगवान का नाम जपता है, उसे भगवान का रूप समझो।

**Page 1428**

**ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥**

**हरि जन हरि अंतरु नही नानक साची मानु ॥२९॥**

ਹੇ ਨਾਨਕ! ਇਹ ਗੱਲ ਸੱਚੀ ਮੰਨੋ ਕਿ ਪਰਮਾਤਮਾ ਦੇ ਭਗਤ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੈ ॥੨੯॥
O Nanak! Believe this to be true that there is no difference between God's devotee and God. ||29||
हे नानक! यह सत्य मानो कि भगवान के भक्त तथा भगवान में कोई अंतर नहीं है ॥२९॥

**ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥**

**मनु माइआ मै फधि रहिओ बिसरिओ गोबिंद नामु ॥**

(ਜਿਸ ਮਨੁੱਖ ਦਾ) ਮਨ (ਹਰ ਵੇਲੇ) ਮਾਇਆ (ਦੇ ਮੋਹ) ਵਿਚ ਫਸਿਆ ਰਹਿੰਦਾ ਹੈ (ਜਿਸ ਨੂੰ) ਪਰਮਾਤਮਾ ਦਾ ਨਾਮ (ਸਦਾ) ਭੁੱਲਾ ਰਹਿੰਦਾ ਹੈ,
The person whose mind is (always) entangled in Maya and forgets the Name of God,
जिसका मन सदैव माया के मोह में फंसा रहता है, जो भगवान के नाम को सदैव भूल जाता है।

**ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥**

**कहु नानक बिनु हरि भजन जीवन कउने काम ॥३०॥**

ਨਾਨਕ ਆਖਦਾ ਹੈ (ਦੱਸੋ) ਪਰਮਾਤਮਾ ਦੇ ਭਜਨ ਤੋਂ ਬਿਨਾ (ਉਸ ਦਾ) ਜੀਉਣਾ ਕਿਸ ਕੰਮ? ॥੩੦॥
Nanak says, (tell me) what is the use of his life without worshipping God? ||30||
नानक कहते हैं, "भगवान की स्तुति के बिना जीने का क्या फायदा है?" ॥३०॥

**ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥**

**प्रानी रामु न चेतई मदि माइआ कै अंधु ॥**

ਮਾਇਆ ਦੇ ਮੋਹ ਵਿਚ (ਫਸ ਕੇ ਆਤਮਕ ਜੀਵਨ ਵੱਲੋਂ) ਅੰਨ੍ਹਾ ਹੋਇਆ (ਜਿਹੜਾ) ਮਨੁੱਖ ਪਰਮਾਤਮਾ ਦਾ ਨਾਮ ਯਾਦ ਨਹੀਂ ਕਰਦਾ,

The person who becomes blinded by the attachment to Maya does not remember the name of God.
जो व्यक्ति माया के मोह से अंधा हो जाता है, वह भगवान के नाम का स्मरण नहीं करता।

### ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥

**कहु नानक हरि भजन बिनु परत ताहि जम फंध ॥३१॥**
ਨਾਨਕ ਆਖਦਾ ਹੈ ਕਿ ਪਰਮਾਤਮਾ ਦੇ ਭਜਨ ਤੋਂ ਬਿਨਾ ਉਸ ਨੂੰ (ਉਸ ਦੇ ਗਲ ਵਿਚ) ਜਮਾਂ ਦੀਆਂ ਫਾਹੀਆਂ ਪਈਆਂ ਰਹਿੰਦੀਆਂ ਹਨ ॥੩੧॥
Nanak says that without the worship of God the noose of Yama (the messenger of death) remains around his neck. ||31||
नानक कहते हैं कि ईश्वर की स्तुति के बिना यम के फंदे गले में पड़े रहते हैं ॥३१॥

### ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥

**सुख मै बहु संगी भए दुख मै संगि न कोइ ॥**
(ਦੁਨੀਆ ਵਿਚ ਤਾਂ) ਸੁਖ ਵੇਲੇ ਅਨੇਕਾਂ ਮੇਲੀ-ਗੇਲੀ ਬਣ ਜਾਂਦੇ ਹਨ, ਪਰ ਦੁੱਖ ਵਿਚ ਕੋਈ ਵੀ ਨਾਲ ਨਹੀਂ ਹੁੰਦਾ।
(In this world) many people become friends in times of happiness, but no one is there with you in times of sorrow.
(दुनिया में) सुख के समय तो बहुत से लोग मित्र बन जाते हैं, परन्तु दुःख के समय कोई साथ देने वाला नहीं होता।

### ਕਹੁ ਨਾਨਕ ਹਰਿ ਭਜੁ ਮਨਾ. ਅੰਤਿ ਸਹਾਈ ਹੋਇ ॥੩੨॥

**कहु नानक हरि भजु मना अंति सहाई होइ ॥३२॥**
ਨਾਨਕ ਆਖਦਾ ਹੈ ਕਿ ਹੇ ਮਨ! ਪਰਮਾਤਮਾ ਦਾ ਭਜਨ ਕਰਿਆ ਕਰ (ਪਰਮਾਤਮਾ) ਅੰਤ ਸਮੇ (ਵੀ) ਮਦਦਗਾਰ ਬਣਦਾ ਹੈ ॥੩੨॥
Nanak says, "O mind! By worshipping God, (God) becomes your helper even in the end". ||32||
नानक कहते हैं, "हे मन! प्रभु का गुणगान करने से वे अन्तिम क्षण में भी (प्रभु) तेरे सहायक बन जाते हैं ॥३२॥

### ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥

**जनम जनम भरमत फिरिओ मिटिओ न जम को त्रासु ॥**
(ਪਰਮਾਤਮਾ ਦਾ ਸਿਮਰਨ ਭੁਲਾ ਕੇ ਜੀਵ) ਅਨੇਕਾਂ ਜਨਮਾਂ ਵਿਚ ਭਟਕਦਾ ਫਿਰਦਾ ਹੈ, ਜਮਾਂ ਦਾ ਡਰ (ਇਸ ਦੇ ਅੰਦਰੋਂ) ਮੁੱਕਦਾ ਨਹੀਂ।
(By forgetting the remembrance of God) the soul keeps wandering in many births, the fear of Yama (the messenger of death) does not go away (from within him).
(परमात्मा को याद करना भूलकर) जीवात्मा अनेक योनियों में भटकती रहती है, यम (मृत्यु) का भय कभी भी (भीतर से) नहीं जाता।

### ਕਹੁ ਨਾਨਕ ਹਰਿ ਭਜੁ ਮਨਾ. ਨਿਰਭੈ ਪਾਵਹਿ ਬਾਸੁ ॥੩੩॥

**कहु नानक हरि भजु मना निरभै पावहि बासु ॥३३॥**
ਨਾਨਕ ਆਖਦਾ ਹੈ ਕਿ ਹੇ ਮਨ! ਪਰਮਾਤਮਾ ਦਾ ਭਜਨ ਕਰਦਾ ਰਿਹਾ ਕਰ, (ਭਜਨ ਦੀ ਬਰਕਤ ਨਾਲ) ਤੂੰ ਉਸ ਪ੍ਰਭੂ ਵਿਚ ਨਿਵਾਸ ਪ੍ਰਾਪਤ ਕਰ ਲਏਂਗਾ ਜਿਸ ਨੂੰ ਕੋਈ ਡਰ ਪੋਹ ਨਹੀਂ ਸਕਦਾ ॥੩੩॥
Nanak says, "O mind! Keep on singing the praises of God; (by the blessings of this worship) you will attain abode in that Lord, who cannot be touched by any fear." ||33||
नानक कहते हैं, हे मन! तू प्रभु का गुणगान करता रह, (गुणगान के आशीर्वाद से) तू प्रभु के उस धाम को प्राप्त करेगा, जिसे कोई भय छू नहीं सकता ॥३३॥

**ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥**

**जतन बहुतु मै करि रहिओ मिटिओ न मन को मानु ॥**

(ਹੇ ਭਗਵਾਨ!) ਮੈਂ ਅਨੇਕਾਂ (ਹੋਰ ਹੋਰ) ਜਤਨ ਕਰ ਚੁੱਕਾ ਹਾਂ (ਉਹਨਾਂ ਜਤਨਾਂ ਨਾਲ) ਮਨ ਦਾ ਅਹੰਕਾਰ ਦੂਰ ਨਹੀਂ ਹੁੰਦਾ।

O Lord! I have made many (and many) efforts but the ego of the mind is not getting removed by those efforts.

(हे भगवन!) मैंने अनेक प्रयत्न किए हैं, परन्तु (उन प्रयत्नों से) मन का अहंकार नहीं मिटता।

**ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥**

**दुरमति सिउ नानक फधिओ राखि लेहु भगवान ॥३४॥**

ਨਾਨਕ ਦਾ (ਇਹ ਮਨ) ਖੋਟੀ ਮੱਤ ਨਾਲ ਚੰਬੜਿਆ ਹੀ ਰਹਿੰਦਾ ਹੈ। ਹੇ ਭਗਵਾਨ! (ਤੂੰ ਆਪ ਹੀ) ਰੱਖਿਆ ਕਰ ॥੩੪॥

Nanak's (mind) remains engaged in useless intellect. O God! Please (You Yourself) protect me! ||34||

नानक का मन मिथ्या विश्वासों में आसक्त रहता है। हे प्रभु! (आप ही) इसकी रक्षा करो ॥३४॥

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥**

**बाल जुआनी अरु बिरधि फुनि तीनि अवसथा जानि ॥**

ਬਾਲ-ਅਵਸਥਾ, ਜੁਆਨੀ ਦੀ ਅਵਸਥਾ, ਅਤੇ ਫਿਰ ਬੁਢੇਪੇ ਦੀ ਅਵਸਥਾ-(ਉਮਰ ਦੀਆਂ ਇਹ) ਤਿੰਨ ਅਵਸਥਾ ਸਮਝ ਲੈ (ਜੋ ਮਨੁੱਖ ਤੇ ਆਉਂਦੀਆਂ ਹਨ)।

Childhood, youth, and then old age; understand these three stages (of age) (that come to a human being).

बचपन, जवानी तथा बुढ़ापा - ये (जीवन की) तीन अवस्थाएँ हैं जो मनुष्य पर आती हैं।

**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥**

**कहु नानक हरि भजन बिनु बिरथा सभ ही मानु ॥३५॥**

ਨਾਨਕ ਆਖਦਾ ਹੈ ਕਿ (ਪਰ ਇਹ) ਚੇਤੇ ਰੱਖ (ਕਿ) ਪਰਮਾਤਮਾ ਦੇ ਭਜਨ ਤੋਂ ਬਿਨਾ ਇਹ ਸਾਰੀਆਂ ਹੀ ਵਿਅਰਥ ਜਾਂਦੀਆਂ ਹਨ ॥੩੫॥

Nanak says that (but) remember (that) without the worship of God all these go to waste. ||35||

नानक कहते हैं, "लेकिन याद रखो कि ईश्वर की स्तुति के बिना ये सब अवस्थाएँ व्यर्थ हैं ॥३५॥

**ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥**

**करणो हुतो सु ना कीओ परिओ लोभ कै फंध ॥**

(ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਰਹੇ ਹੇ ਮਨੁੱਖ!) ਜੋ ਕੁਝ ਤੂੰ ਕਰਨਾ ਸੀ, ਉਹ ਤੂੰ ਨਾ ਕੀਤਾ (ਸਾਰੀ ਉਮਰ) ਤੂੰ ਲੋਭ ਦੀ ਫਾਹੀ ਵਿਚ (ਹੀ) ਫਸਿਆ ਰਿਹਾ।

You are becoming blind (in the love of Maya). Whatever you had to do, you did not do it (all your life) you remained trapped in the noose of greed.

(हे माया के मोह में अंधा हुआ मनुष्य!) तुझे जो करना चाहिए था, वह तूने नहीं किया। (जीवन भर) तू लालच के जाल में फंसा रहा।

**ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥**

**नानक समिओ रमि गइओ अब किउ रोवत अंध ॥३६॥**

ਹੇ ਨਾਨਕ! (ਜ਼ਿੰਦਗੀ ਦਾ ਸਾਰਾ) ਸਮਾ (ਇਸੇ ਤਰ੍ਹਾਂ ਹੀ) ਗੁਜ਼ਰ ਗਿਆ। ਹੁਣ ਕਿਉਂ ਰੋਂਦਾ ਹੈਂ? (ਹੁਣ ਪਛਤਾਉਣ ਦਾ ਕੀ ਲਾਭ?) ॥੩੬॥

O Nanak! The whole time of life has passed like this. Why are you crying now? What is the use of repenting now? ||36||
हे नानक! (इस प्रकार) सारा जीवन बीत गया। अब क्यों रोते हो? (अब पछताने से क्या लाभ?) ॥३६॥

**ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥**

**मनु माइआ मै रमि रहिओ निकसत नाहिन मीत ॥**

ਹੇ ਮਿੱਤਰ! ਜਿਹੜਾ ਮਨ ਮਾਇਆ (ਦੇ ਮੋਹ) ਵਿਚ ਫਸ ਜਾਂਦਾ ਹੈ, (ਉਹ ਇਸ ਮੋਹ ਵਿਚੋਂ ਆਪਣੇ ਆਪ) ਨਹੀਂ ਨਿਕਲ ਸਕਦਾ,
O friend! The mind which gets entangled in the worldly affairs (Maya) cannot come out of it on its own.
माया के मोह में फंसा हुआ मन स्वयं इस मोह से बाहर नहीं आ सकता।

**ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥**

**नानक मूरति चित्र जिउ छाडित नाहिन भीति ॥३७॥**

ਹੇ ਨਾਨਕ! ਜਿਵੇਂ (ਕੰਧ ਉਤੇ ਕਿਸੇ) ਮੂਰਤੀ ਦਾ ਲੀਕਿਆ ਹੋਇਆ ਰੂਪ ਕੰਧ ਨੂੰ ਨਹੀਂ ਛੱਡਦਾ ਕੰਧ ਨਾਲ ਚੰਬੜਿਆ ਰਹਿੰਦਾ ਹੈ ॥੩੭॥
O Nanak! Just as the carved image of an idol on the wall does not leave the wall and it remains stuck to it. ||37||
हे नानक! जैसे दीवार पर चित्रित मूर्ति की छवि उससे अलग नहीं होती, बल्कि उससे चिपकी रहती है ॥३७॥

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥**

**नर चाहत कछु अउर अउरै की अउरै भई ॥**

(ਮਾਇਆ ਦੇ ਮੋਹ ਵਿਚ ਫਸ ਕੇ) ਮਨੁੱਖ (ਪ੍ਰਭੂ-ਸਿਮਰਨ ਦੇ ਥਾਂ) ਕੁਝ ਹੋਰ ਹੀ ਮੰਗਦਾ ਰਹਿੰਦਾ ਹੈ। (ਪਰ ਕਰਤਾਰ ਦੀ ਰਜ਼ਾ ਵਿਚ) ਹੋਰ ਦੀ ਹੋਰ ਹੋ ਜਾਂਦਾ ਹੈ।
(Being entangled in the illusion of Maya) man (instead of remembering God) keeps asking for something else, but things turn out differently (as per will of the Creator).
(माया के मोह में फँसकर) मनुष्य (हरि-नाम स्मरण की जगह) कुछ तथा चाहता है (परन्तु विधाता की इच्छा से) कुछ तथा ही हो जाता है।

**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥**

**चितवत रहिओ ठगउर नानक फासी गलि परी ॥३८॥**

ਹੇ ਨਾਨਕ! (ਮਨੁੱਖ ਹੋਰਨਾਂ ਨੂੰ) ਠਗਣ ਦੀਆਂ ਸੋਚਾਂ ਸੋਚਦਾ ਹੈ (ਉਤੋਂ ਮੌਤ ਦੀ) ਫਾਹੀ ਗਲ ਵਿਚ ਆ ਪੈਂਦੀ ਹੈ ॥੩੮॥
O Nanak! Man keeps on thinking of deceiving others, but the noose of death falls around his neck. ||38||
हे नानाक! मनुष्य दूसरों को धोखा देने की सोचता है, तथा मृत्यु का फंदा उसके गले में पड़ जाता है ॥३८॥

**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥**

**जतन बहुत सुख के कीए दुख को कीओ न कोइ ॥**

(ਜੀਵ ਭਾਵੇਂ) ਸੁਖਾਂ (ਦੀ ਪ੍ਰਾਪਤੀ) ਵਾਸਤੇ ਅਨੇਕਾਂ ਜਤਨ ਕਰਦਾ ਰਹਿੰਦਾ ਹੈ, ਅਤੇ ਦੁੱਖਾਂ ਵਾਸਤੇ ਜਤਨ ਨਹੀਂ ਕਰਦਾ (ਪਰ ਫਿਰ ਵੀ ਰਜ਼ਾ ਅਨੁਸਾਰ ਦੁਖ ਵੀ ਆ ਹੀ ਪੈਂਦੇ ਹਨ। ਸੁਖ ਵੀ ਤਦੋਂ ਹੀ ਮਿਲਦਾ ਹੈ ਜਦੋਂ ਪ੍ਰਭੂ ਦੀ ਰਜ਼ਾ ਹੋਵੇ)।
(Although) Man makes many efforts for happiness, and does not make any effort for sorrows (but still sorrows also come according to the will of the God).
(यद्यपि) सुख के लिए जीव अनेक प्रयत्न करता रहता है, तथा दुःख के लिए प्रयत्न नहीं करता (तब भी दुःख प्रभू की इच्छा के अनुसार ही आता है तथा सुख भी तभी प्राप्त होता है, जब प्रभु की इच्छा होती है)।

**ਕਹੁ ਨਾਨਕ ਸੁਨਿ ਰੇ ਮਨਾ. ਹਰਿ ਭਾਵੈ ਸੋ ਹੋਇ ॥੩੯॥**

**कहु नानक सुनि रे मना हरि भावै सो होइ ॥३९॥**

ਨਾਨਕ ਆਖਦਾ ਹੈ ਕਿ ਹੇ ਮਨ! ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ (ਜ਼ਰੂਰ) ਉਹ (ਹੀ) ਹੁੰਦਾ ਹੈ ॥੩੯॥
Nanak says, O mind! Whatever pleases God (surely) happens. ||39||
नानक कहते हैं, हे मन! जो भगवान को अच्छा लगता है, वही होता है ॥३९॥

**ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥**

**जगतु भिखारी फिरतु है सभ को दाता रामु ॥**

ਜਗਤ ਮੰਗਤਾ (ਹੋ ਕੇ) ਭਟਕਦਾ ਫਿਰਦਾ ਹੈ (ਇਹ ਚੇਤਾ ਨਹੀਂ ਰੱਖਦਾ ਕਿ) ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਪਰਮਾਤਮਾ ਆਪ ਹੈ।
The world wanders about like a beggar (not remembering that) it is God Himself who gives things to all beings.
संसार भिखारी बना फिरता है (यह याद नहीं रखता कि) भगवान स्वयं ही सब प्राणियों को दान देने वाले हैं।

**ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥**

**कहु नानक मन सिमरु तिह पूरन होवहि काम ॥४०॥**

ਨਾਨਕ ਆਖਦਾ ਹੈ ਕਿ ਹੇ ਮਨ! ਉਸ ਦਾਤਾਰ ਪ੍ਰਭੂ ਦਾ ਸਿਮਰਨ ਕਰਦਾ ਰਿਹਾ ਕਰ, ਤੇਰੇ ਸਾਰੇ ਕੰਮ ਸਫਲ ਹੁੰਦੇ ਰਹਿਣਗੇ ॥੪੦॥
Nanak says, O mind! Keep remembering God, all your affairs will be successful. ||40||
नानक कहते हैं, हे मन! उस दाता का स्मरण करता रह, तेरे सभी कार्य सफल होते रहेंगे ॥४०॥

**ਝੂਠੈ ਮਾਨੁ ਕਹਾ ਕਰੈ. ਜਗੁ ਸੁਪਨੇ ਜਿਉ ਜਾਨੁ ॥**

**झूठै मानु कहा करै जगु सुपने जिउ जानु ॥**

(ਪਤਾ ਨਹੀਂ ਮਨੁੱਖ) ਨਾਸਵੰਦ ਦੁਨੀਆ ਦਾ ਮਾਨ ਕਿਉਂ ਕਰਦਾ ਰਹਿੰਦਾ ਹੈ।` ਜਗਤ ਨੂੰ ਸੁਪਨੇ (ਵਿਚ ਵੇਖੇ ਪਦਾਰਥਾਂ) ਵਾਂਗ (ਹੀ) ਸਮਝ ਰੱਖ।
(I don't know why) Man keeps respecting the perishable world. Consider the world to be like (things seen in) dreams!
(मैं नहीं जानता कि) मनुष्य नाशवान संसार का आदर क्यों करता रहता है।) संसार को स्वप्न जैसा समझो!

**ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥**

**इन मै कछु तेरो नही नानक कहिओ बखानि ॥४१॥**

(ਮੈਂ) ਨਾਨਕ ਤੈਨੂੰ ਠੀਕ ਦੱਸ ਰਿਹਾ ਹਾਂ ਕਿ ਇਹਨਾਂ (ਦਿਸਦੇ ਪਦਾਰਥਾਂ) ਵਿਚ ਤੇਰਾ (ਅਸਲ ਸਾਥੀ) ਕੋਈ ਵੀ ਪਦਾਰਥ ਨਹੀਂ ਹੈ ॥੪੧॥
Nanak is telling you correctly that among these (visible things) there is nothing (real companion) for you. ||41||
मैं नानक तुमसे ठीक कह रहा हूँ कि इन (दृश्यमान वस्तुओं) में कोई भी पदार्थ तुम्हारा (सच्चा साथी) नहीं है ॥४१॥

**ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥**

**गरबु करतु है देह को बिनसै छिन मै मीत ॥**

ਹੇ ਮਿੱਤਰ! (ਜਿਸ) ਸਰੀਰ ਦਾ (ਮਨੁੱਖ ਸਦਾ) ਮਾਣ ਕਰਦਾ ਰਹਿੰਦਾ ਹੈ (ਕਿ ਇਹ ਮੇਰਾ ਆਪਣਾ ਹੈ, ਉਹ ਸਰੀਰ) ਇਕ ਛਿਨ ਵਿਚ ਹੀ ਨਾਸ ਹੋ ਜਾਂਦਾ ਹੈ। (ਹੋਰ ਪਦਾਰਥ ਦਾ ਮੋਹ ਤਾਂ ਕਿਤੇ ਰਿਹਾ, ਆਪਣੇ ਇਸ ਸਰੀਰ ਦਾ ਮੋਹ ਵੀ ਝੂਠਾ ਹੀ ਹੈ)।
O friend! The body which (man) always considers (that it is his own) gets destroyed in a moment. (forget about other things, even this body of yours is also false, i.e., it does not last).

हे मित्र! जिस शरीर का (मनुष्य) सदैव घमंड करता रहता है (कि यह मेरा अपना है), वह शरीर क्षणभर में नष्ट हो जाता है। (अन्य पदार्थों में आसक्ति तो छोड़ो, अपने इस शरीर में भी आसक्ति झूठी है।)

**ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥**
**जिहि प्रानी हरि जसु कहिओ नानक तिहि जगु जीति ॥४२॥**
ਹੇ ਨਾਨਕ! ਜਿਸ ਮਨੁੱਖ ਨੇ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨੀ ਸ਼ੁਰੂ ਕਰ ਦਿੱਤੀ, ਉਸ ਨੇ ਜਗਤ (ਦੇ ਮੋਹ) ਨੂੰ ਜਿੱਤ ਲਿਆ ॥੪੨॥
O Nanak! The man who has started praising God has conquered the world (attachments). ||42||
हे नानक! जो भगवान की महिमा करने लगता है, उसने संसार (के मोह) को जीत लिया है ॥४२॥

**ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥**
**जिह घटि सिमरनु राम को सो नरु मुकता जानु ॥**
ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਸਿਮਰਨ (ਟਿਕਿਆ ਰਹਿੰਦਾ ਹੈ) ਉਸ ਮਨੁੱਖ ਨੂੰ (ਮੋਹ ਦੇ ਜਾਲ ਤੋਂ) ਬਚਿਆ ਹੋਇਆ ਸਮਝ।
The person in whose heart the remembrance of God remains steady, consider him liberated (from the trappings of Maya).
जिस मनुष्य के हृदय में भगवान का स्मरण रहता है, वह मनुष्य (आसक्ति के जाल से) बचा हुआ समझो!

**ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥**
**तिहि नर हरि अंतरु नही नानक साची मानु ॥४३॥**
ਹੇ ਨਾਨਕ! ਇਹ ਗੱਲ ਠੀਕ ਮੰਨ ਕਿ ਉਸ ਮਨੁੱਖ ਅਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ॥੪੩॥
O Nanak! Believe this to be true that there is no difference between that human being and God. ||43||
हे नानक! इस सत्य पर विश्वास करो कि ऐसे मनुष्य तथा ईश्वर में कोई अंतर नहीं है ॥४३॥

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**
**एक भगति भगवान जिह प्रानी कै नाहि मनि ॥**
ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੈ,
The person who does not have devotion towards God in his heart,
जिस व्यक्ति के हृदय में भगवान के प्रति भक्ति नहीं है,

**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥**
**जैसे सूकर सुआन नानक मानो ताहि तनु ॥४४॥**
ਹੇ ਨਾਨਕ! ਉਸ ਦਾ ਸਰੀਰ ਕੁੱਤੇ ਜਾਂ ਸੂਰ ਦੇ ਸਰੀਰ ਜੈਸਾ ਸਮਝੋ! ॥੪੪॥
O Nanak! Consider his body to be like the body of a pig or a dog. ||44||
हे नानक! इसका शरीर सूअर या कुत्ते के समान समझो! ॥४४॥

**ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥**
**सुआमी को ग्रिहु जिउ सदा सुआन तजत नही नित ॥**
ਜਿਵੇਂ ਕੁੱਤਾ (ਆਪਣੇ) ਮਾਲਕ ਦਾ ਘਰ (ਘਰ ਦਾ ਬੂਹਾ) ਸਦਾ (ਮੱਲੀ ਰੱਖਦਾ ਹੈ) ਕਦੇ ਵੀ ਛੱਡਦਾ ਨਹੀਂ ਹੈ,
Just as a dog never leaves its master's house,
जिस प्रकार कुत्ता अपने मालिक के घर (दरवाजे) को हमेशा पकड़े रखता है तथा कभी उसे छोड़कर नहीं जाता,

**ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕਿ ਚਿਤਿ ॥੪੫॥**

**नानक इह बिधि हरि भजउ इक मनि हुइ इक चिति ॥४५॥**

ਹੇ ਨਾਨਕ! ਇਸੇ ਤਰੀਕੇ ਨਾਲ ਇਕ-ਮਨ ਹੋ ਕੇ ਇਕ-ਚਿੱਤ ਹੋ ਕੇ ਪਰਮਾਤਮਾ ਦਾ ਭਜਨ ਕਰਿਆ ਕਰੋ (ਕਿ ਉਸ ਦਾ ਦਰ ਕਦੇ ਛੱਡਿਆ ਹੀ ਨਾ ਜਾਏ) ॥੪੫॥

O Nanak! Thus worship the Lord with full attention of your mind (so that you never miss His door). ||45||

हे नानक! इस प्रकार मन लगाकर पूरे ध्यान से प्रभु की भक्ति करो (ताकि उनका द्वार कभी न छूटे) ॥४५॥

**ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥**

**तीरथ बरत अरु दान करि मन मै धरै गुमानु ॥**

(ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ) ਤੀਰਥ-ਇਸ਼ਨਾਨ ਕਰ ਕੇ ਵਰਤ ਰੱਖ ਕੇ, ਦਾਨ-ਪੁੰਨ ਕਰ ਕੇ (ਆਪਣੇ) ਮਨ ਵਿਚ ਅਹੰਕਾਰ ਕਰਦਾ ਹੈ (ਕਿ ਮੈਂ ਧਰਮੀ ਬਣ ਗਿਆ ਹਾਂ)

(Abandoning the worship of God, man) by bathing in holy places, observing fasts, doing charity and other pious deeds, he becomes proud in his mind (that he has become a righteous person),

(भगवान की पूजा छोड़कर मनुष्य) तीर्थ, स्नान, व्रत तथा दान करके मन में अभिमान कर लेता है (कि मैं धर्मात्मा हो गया हूँ)।

**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥**

**नानक निहफल जात तिह जिउ कुंचर इसनानु ॥४६॥**

(ਪਰ) ਹੇ ਨਾਨਕ! ਉਸ ਦੇ (ਇਹ ਸਾਰੇ ਕੀਤੇ ਹੋਏ ਕਰਮ ਇਉਂ) ਵਿਅਰਥ (ਚਲੇ ਜਾਂਦੇ ਹਨ) ਜਿਵੇਂ ਹਾਥੀ ਦਾ (ਦਾ ਕੀਤਾ ਹੋਇਆ) ਇਸ਼ਨਾਨ। (ਨੋਟ: ਹਾਥੀ ਨਹਾ ਕੇ ਸੁਆਹ ਮਿੱਟੀ ਆਪਣੇ ਉੱਤੇ ਪਾ ਲੈਂਦਾ ਹੈ) ॥੪੬॥

(But) O Nanak! (All his deeds) go in vain like the bath of an elephant. (Note: After bathing, the elephant itself gets dirty again with mud). ||46||

(परन्तु) हे नानक! यह सब (कार्य) हाथी का स्नान जैसे (व्यर्थ) हैं। (नोट: स्नान करने के बाद हाथी अपने ऊपर धूल लगाता है) ॥४६॥

**ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥**

**सिरु क्मपिओ पग डगमगे नैन जोति ते हीन ॥**

(ਬੁਢੇਪਾ ਆ ਜਾਣ ਤੇ ਮਨੁੱਖ ਦਾ) ਸਿਰ ਕੰਬਣ ਲੱਗ ਪੈਂਦਾ ਹੈ (ਤੁਰਦਿਆਂ) ਪੈਰ ਥਿੜਕਦੇ ਹਨ, ਅੱਖਾਂ ਦੀ ਜੋਤਿ ਮਾਰੀ ਜਾਂਦੀ ਹੈ,

(In old age when) man's head starts shaking, the feet start trembling, the vision of the eyes is lost,

(जब बुढ़ापा आता है तो मनुष्य का) सिर काँपने लगता है, (चलते समय) पैर काँपने लगते हैं, आँखों की रोशनी कम हो जाती है,

**ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥**

**कहु नानक इह बिधि भई तऊ न हरि रसि लीन ॥४७॥**

ਨਾਨਕ ਆਖਦਾ ਹੈ ਕਿ (ਬੁਢੇਪੇ ਨਾਲ ਸਰੀਰ ਦੀ) ਇਹ ਹਾਲਤ ਹੋ ਜਾਂਦੀ ਹੈ, ਕਿ ਪਰਮਾਤਮਾ ਦੇ ਨਾਮ ਦੇ ਸੁਆਦ ਵਿਚ ਮਗਨ ਨਹੀਂ ਹੁੰਦਾ (ਮਾਇਆ ਦਾ ਮੋਹ ਪ੍ਰਬਲ ਹੋਣ ਨਾਲ)। ॥੪੭॥

Nanak says that even in that condition (in old age), he does not become absorbed in the taste of God's Name (because the attachment to Maya is so strong). ||47||

नानक कहते हैं कि (बुढ़ापे में शरीर की) यह अवस्था हो जाती है कि भगवान के नाम के स्वाद में आनंद नहीं ले पाता (माया की आसक्ति प्रबल होने के कारण) ॥४७॥

## ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥

**निज करि देखिओ जगतु मै को काहू को नाहि ॥**

ਮੈਂ ਜਗਤ ਨੂੰ ਆਪਣਾ ਸਮਝ ਕੇ (ਹੀ ਹੁਣ ਤਕ) ਵੇਖਦਾ ਰਿਹਾ, (ਪਰ ਇਥੇ ਤਾਂ) ਕੋਈ ਕਿਸੇ ਦਾ ਨਹੀਂ ਹੈ (ਸਦਾ ਲਈ)।

I have been looking at the world considering it as mine (till now), (but here) no one belongs to anyone (forever).

मैं दुनिया को अपना ही देखता आया हूँ (अब तक), (पर यहाँ) कोई किसी का नहीं (हमेशा के लिए)।

## ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥

**नानक थिरु हरि भगति है तिह राखो मन माहि ॥४८॥**

ਹੇ ਨਾਨਕ! ਸਦਾ ਕਾਇਮ ਰਹਿਣ ਵਾਲੀ ਤਾਂ ਪਰਮਾਤਮਾ ਦੀ ਭਗਤੀ (ਹੀ) ਹੈ। ਇਸ (ਭਗਤੀ) ਨੂੰ (ਆਪਣੇ) ਮਨ ਵਿਚ ਪ੍ਰੋ ਰੱਖ ॥੪੮॥

O Nanak! The only thing that will last forever is devotion to God. Keep this devotion alive in your mind! ||48||

हे नानक! एकमात्र ऐसी चीज़ जो हमेशा के लिए टिकने वाली है, वह है भगवान की भक्ति। इस भक्ति को अपने मन में बनाए रखो ॥४८॥

## ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

**जग रचना सभ झूठ है जानि लेहु रे मीत ॥**

ਹੇ ਮਿੱਤਰ! ਇਹ ਗੱਲ ਸੱਚੀ ਜਾਣ ਕਿ ਜਗਤ ਦੀ ਸਾਰੀ ਹੀ ਰਚਨਾ ਨਾਸਵੰਦ ਹੈ।

O friend! Know this truth that all creation in the world is perishable.

हे मित्र! इस सत्य को जानो कि संसार की सम्पूर्ण सृष्टि नाशवान है।

## ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥

**कहि नानक थिरु ना रहै जिउ बालू की भीति ॥४९॥**

ਨਾਨਕ ਆਖਦਾ ਹੈ ਕਿ ਰੇਤ ਦੀ ਕੰਧ ਵਾਂਗ (ਜਗਤ ਵਿਚ) ਕੋਈ ਵੀ ਚੀਜ਼ ਸਦਾ ਕਾਇਮ ਰਹਿਣ ਵਾਲੀ ਨਹੀਂ ਹੈ ॥੪੯॥

Nanak says that like a wall of sand, nothing (in this world) will last forever. ||49||

नानक कहते हैं कि (संसार में) रेत की दीवार के समान कुछ भी स्थायी नहीं है ॥४९॥

## ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥

**रामु गइओ रावनु गइओ जा कउ बहु परवारु ॥**

(ਦੇਖ! ਸ੍ਰੀ) ਰਾਮ (-ਚੰਦਰ) ਕੂਚ ਕਰ ਗਿਆ, ਰਾਵਣ ਵੀ ਚਲ ਵੱਸਿਆ ਜਿਸ ਨੂੰ ਵੱਡੇ ਪਰਵਾਰ ਵਾਲਾ ਕਿਹਾ ਜਾਂਦਾ ਹੈ।

(Look! Shri) Ram (-Chandra) has gone away, Ravana, who is said to have a big family, has also gone.

(देखो! प्रभु) राम (-चन्द्र) चले गए हैं, रावण भी चला गया है, जिसका बड़ा परिवार बताया जाता है।

## ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥

**कहु नानक थिरु कछु नही सुपने जिउ संसारु ॥५०॥**

ਨਾਨਕ ਆਖਦਾ ਹੈ ਕਿ (ਇਥੇ) ਕੋਈ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ। (ਇਹ) ਜਗਤ ਸੁਪਨੇ ਵਰਗਾ (ਹੀ) ਹੈ ॥੫੦॥

Nanak says that there is no thing (here) that lasts forever. (This) world is just like a dream. ||50||

नानक कहते हैं कि कोई भी वस्तु स्थायी नहीं है। (यह) संसार स्वप्न के समान है ॥५०॥

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**

**चिंता ता की कीजीऐ जो अनहोनी होइ ॥**

(ਮੌਤ ਆਦਿ ਤਾਂ) ਉਸ (ਘਟਨਾ) ਦੀ ਚਿੰਤਾ ਕਰਨੀ ਚਾਹੀਦੀ ਹੈ ਜਿਹੜੀ ਕਦੇ ਵਾਪਰਨ ਵਾਲੀ ਨਾ ਹੋਵੇ।

One should worry about that event that is never supposed to happen,

(मृत्यु आदि के बारे में) उसकी तब चिंता करनी चाहिए जो कभी होने वाली नहीं।

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥**

**इहु मारगु संसार को नानक थिरु नही कोइ ॥५१॥**

ਹੇ ਨਾਨਕ! ਜਗਤ ਦੀ ਤਾਂ ਚਾਲ ਹੀ ਇਹ ਹੈ ਕਿ (ਇਥੇ) ਕੋਈ ਜੀਵ (ਵੀ) ਸਦਾ ਕਾਇਮ ਰਹਿਣ ਵਾਲਾ ਨਹੀਂ ਹੈ ॥੫੧॥

O Nanak! The way of the world is such that no living being (here) is going to remain forever. ||51||

हे नानक! संसार की रीति यही है कि कोई भी प्राणी सदा नहीं रह सकता ॥५१॥

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**

**जो उपजिओ सो बिनसि है परो आजु कै कालि ॥**

(ਜਗਤ ਵਿਚ ਤਾਂ) ਜਿਹੜਾ ਵੀ ਜੰਮਿਆ ਹੈ ਉਹ (ਜ਼ਰੂਰ) ਨਾਸ ਹੋ ਜਾਏਗਾ (ਹਰ ਕੋਈ ਇਥੋਂ) ਅੱਜ ਜਾਂ ਭਲਕੇ ਕੂਚ ਕਰ ਜਾਣ ਵਾਲਾ ਹੈ।

Whosoever is born (in this world) will (surely) perish, everyone is going to die, today or tomorrow.

(इस संसार में) जो भी जन्म लेता है, उसका नाश अवश्य होता है; (प्रत्येक व्यक्ति) आज या कल यहाँ से चला जायेगा।

**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥**

**नानक हरि गुन गाइ ले छाडि सगल जंजाल ॥५२॥**

ਹੇ ਨਾਨਕ! (ਇਸ ਵਾਸਤੇ ਮਾਇਆ ਦੇ ਮੋਹ ਦੀਆਂ) ਸਾਰੀਆਂ ਫਾਹੀਆਂ ਲਾਹ ਕੇ ਪਰਮਾਤਮਾ ਦੇ ਗੁਣ ਗਾਇਆ ਕਰ ॥੫੨॥

O Nanak! Break all the entanglements (of Maya) and sing the praises of God! ||52||

हे नानक! (इसलिए माया के सब बंधनों को त्याग दो) तथा भगवान का गुणगान करो! ॥५२॥

**ਦੋਹਰਾ ॥**

**दोहरा ॥**

ਦੋਹਰਾ।

Couplet of 2 lines.

दोहरा।

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥**

**बलु छुटकिओ बंधन परे कछू न होत उपाइ ॥**

ਮੇਰੀ ਤਾਕਤ ਮੁੱਕ ਗਈ ਹੈ, ਅਤੇ ਮੈਂ ਬੰਧਨ ਵਿੱਚ ਹਾਂ; ਮੈਂ ਕੁਝ ਨਹੀਂ ਕਰ ਸਕਦਾ (ਪ੍ਰਭੂ ਦੇ ਨਾਮ ਤੋਂ ਮੂੰਹ ਮੋੜ ਕੇ ਮਨੁੱਖ ਭੌਤਿਕ ਚੀਜ਼ਾਂ ਦੇ ਭਰਮ ਦੇ ਜਾਲ ਵਿੱਚ ਫਸ ਜਾਂਦਾ ਹੈ ਅਤੇ ਮਨੁੱਖ ਦੇ ਅੰਦਰ ਦੀ ਆਤਮਿਕ ਤਾਕਤ ਖਤਮ ਹੋ ਜਾਂਦੀ ਹੈ)।

My strength is gone, and I am in bondage; I can do nothing (by turning away from the name of God, one falls into the trap of Maya and the spiritual power within the person vanishes).

मेरी शक्ति समाप्त हो गई है, तथा मैं बंधन में हूं; मैं कुछ भी नहीं कर सकता (भगवान के नाम से विमुख हो जाने से कर माया के मोह के फंदे आ पड़ते हैं, तथा व्यक्ति के अंदर की आध्यात्मिक शक्ति लुप्त हो जाती है)।

## ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥

**कहु नानक अब ओट हरि गज जिउ होहु सहाइ ॥५३॥**

ਨਾਨਕ ਆਖਦਾ ਹੈ ਕਿ ਹੇ ਹਰੀ! ਇਹੋ ਜਿਹੇ ਵੇਲੇ (ਹੁਣ) ਤੇਰਾ ਹੀ ਆਸਰਾ ਹੈ। ਜਿਵੇਂ ਤੂੰ (ਤੇਂਦੂਏ ਤੋਂ ਛੁਡਾਉਣ ਲਈ) ਗਜ-ਹਾਥੀ ਦਾ ਸਹਾਈ ਬਣਿਆ, ਤਿਵੇਂ ਸਹਾਈ ਬਣ। (ਭਾਵ, ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਕਰਨ ਲਈ ਪਰਮਾਤਮਾ ਦੇ ਦਰ ਤੇ ਅਰਦਾਸ ਹੀ ਇਕੋ ਇਕ ਵਸੀਲਾ ਹੈ) ॥੫੩॥

Nanak says that O God! At this time (now) you are my only support. Just as you became the helper of the elephant (to save it from the trap), become my helper in the same way! (That is, to get freedom from the bonds of attachment of Maya, prayer at the door of God is the only way). ||53||

नानक कहते हैं, हे प्रभु! ऐसे समय में (अब) आप ही एकमात्र सहारा हैं। (जैसे आपने तंदुए से छुटकारा पाने कि लिये) गज-हाथी की सहायता की थी, वैसे ही आप भी उसकी सहायता करें। (अर्थात भगवान के द्वार पर प्रार्थना करना ही माया के बंधनों से मुक्ति पाने का एकमात्र साधन है) ॥५३॥

## ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ ॥

**बलु होआ बंधन छुटे सभु किछु होत उपाइ ॥**

(ਜਦੋਂ ਮਨੁੱਖ ਪ੍ਰਭੂ ਦੇ ਦਰ ਤੇ ਡਿੱਗਦਾ ਹੈ, ਤਾਂ ਮਾਇਆ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ ਆਤਮਕ) ਬਲ ਪੈਦਾ ਹੋ ਜਾਂਦਾ ਹੈ (ਮਾਇਆ ਦੇ ਮੋਹ ਦੇ) ਬੰਧਨ ਟੁੱਟ ਜਾਂਦੇ ਹਨ (ਮੋਹ ਦਾ ਟਾਕਰਾ ਕਰਨ ਲਈ) ਹਰੇਕ ਹੀਲਾ ਸਫਲ ਹੋ ਸਕਦਾ ਹੈ।

(When a man falls at the door of the Lord, then) spiritual strength is born within him to confront Maya, then the bonds (of attachment to Maya) are broken and all means become successful).

(जब कोई व्यक्ति भगवान के द्वार पर गिरता है, तो उसके भीतर माया का विरोध करने के लिए) आध्यात्मिक शक्ति पैदा होती है तो (माया के मोह के) बंधन टूट जाते हैं तथा (आसक्ति का विरोध करने के लिए) हर चाल सफल हो सकती है।

## ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥

**नानक सभु किछु तुमरै हाथ मै तुम ही होत सहाइ ॥५४॥**

ਨਾਨਕ ਆਖਦਾ ਹੈ ਕਿ (ਹੇ ਪ੍ਰਭੂ!) ਸਭ ਕੁਝ ਤੇਰੇ ਹੱਥ ਵਿਚ ਹੈ (ਤੇਰੀ ਪੈਦਾ ਕੀਤੀ ਮਾਇਆ ਵੀ ਤੇਰੇ ਹੀ ਅਧੀਨ ਹੈ, ਇਸ ਤੋਂ ਬਚਣ ਲਈ) ਤੂੰ ਹੀ ਮਦਦਗਾਰ ਹੋ ਸਕਦਾ ਹੈਂ ॥੫੪॥

Nanak says that (O Lord!) everything is in Your hands (even the Maya created by You is under Your control, and to escape from it) Only You can help. ||54||

नानक कहते हैं (हे प्रभु!) सब कुछ आपके हाथ में है (यहाँ तक कि आपकी बनाई हुई माया भी आपके वश में है, उससे बचने के लिए) आप ही सहायता कर सकते हैं ॥५४॥

## ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥

**संग सखा सभि तजि गए कोऊ न निबहिओ साथि ॥**

(ਜਦੋਂ ਅੰਤ ਵੇਲੇ) ਸਾਰੇ ਸਾਥੀ ਸੰਗੀ ਛੱਡ ਜਾਂਦੇ ਹਨ, ਜਦੋਂ ਕੋਈ ਵੀ ਸਾਥ ਨਹੀਂ ਨਿਬਾਹ ਸਕਦਾ।

(At the end) all the companions and comrades leave, no one endures (the company),

(जब अंत में) सभी साथी वा आत्मीय एक दूसरे को छोड़ देते हैं, जब कोई भी साथ नहीं दे सकता।

## ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥

**कहु नानक इह बिपति मै टेक एक रघुनाथ ॥५५॥**

ਨਾਨਕ ਆਖਦਾ ਹੈ ਕਿ ਉਸ (ਇਕੱਲੇ-ਪਨ ਦੀ) ਮੁਸੀਬਤ ਵੇਲੇ ਵੀ ਸਿਰਫ ਪਰਮਾਤਮਾ ਦਾ ਹੀ ਸਹਾਰਾ ਹੁੰਦਾ ਹੈ (ਸੋ, ਸਦਾ ਪਰਮਾਤਮਾ ਦਾ ਨਾਮ ਸਿਮਰਿਆ ਕਰੋ) ॥੫੫॥

Nanak says that even in that time of trouble (of loneliness) only God is our support (therefore, always remember God's Name). ||55||
नानक कहते हैं कि उस संकट (अकेलेपन) के समय में भी केवल भगवान ही सहारा देने वाला स्रोत है (इसलिए, हमेशा भगवान का नाम याद रखें) ॥५५॥

**ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥**
**नामु रहिओ साधू रहिओ रहिओ गुरु गोबिंदु ॥**
(ਅੰਤ ਵੇਲੇ ਵੀ ਪਰਮਾਤਮਾ ਦਾ) ਨਾਮ (ਜੀਵ ਦੇ ਨਾਲ) ਰਹਿੰਦਾ ਹੈ, (ਬਾਣੀ ਦੇ ਰੂਪ ਵਿਚ) ਗੁਰੂ ਉਸ ਦੇ ਨਾਲ ਰਹਿੰਦਾ ਹੈ, ਅਕਾਲ ਪੁਰਖ ਉਸ ਦੇ ਨਾਲ ਹੈ,
(At the time of death) the Name of God remains with the soul so do Guru's instructions and then the Eternal God is with him.
(अंत के समय में भी) भगवान का नाम (आत्मा के साथ) रहता है, गुरु (वाणी के रूप में) उसके साथ रहता है, शाश्वत भगवान उसके साथ हैं,

**ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥**
**कहु नानक इह जगत मै किन जपिओ गुर मंतु ॥५६॥**
ਨਾਨਕ ਕਹਿੰਦੇ ਹਨ ਕਿ ਜਿਸ ਨੇ ਇਸ ਸੰਸਾਰ ਵਿੱਚ ਗੁਰੂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰ ਕੇ ਪ੍ਰਭੂ ਦਾ ਨਾਮ ਜਪਿਆ ਹੈ (ਇਹ ਅੰਤ ਵਿੱਚ ਉਸਦੀ ਮਦਦ ਕਰਦਾ ਹੈ)। ॥੫੬॥
Nanak says that in this world, the one who recites the Name of God as per Guru's instruction (then the Name of God becomes a helper at the time of the end). ||56||
नानक कहते हैं कि जिसने इस संसार में गुरु की शिक्षा को धारण करके प्रभु के नाम का जप किया है (उसके अंत में ये सहायक होता है) ॥५६॥

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**राम नामु उर मै गहिओ जा कै सम नही कोइ ॥**
ਹੇ ਪ੍ਰਭੂ! ਜਿਸ ਮਨੁੱਖ ਨੇ ਤੇਰਾ ਉਹ ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ।
O Lord! The man who has kept your Name in his heart has no equal,
हे प्रभु! जिस मनुष्य ने अपने हृदय में आपका नाम बसा लिया है, उसका कोई सानी नहीं है।

**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥੧॥**
**जिह सिमरत संकट मिटै दरसु तुहारो होइ ॥५७॥१॥**
ਅਤੇ ਜਿਸ ਨੂੰ ਸਿਮਰਿਆਂ ਹਰੇਕ ਦੁੱਖ-ਕਲੇਸ਼ ਦੂਰ ਹੋ ਜਾਂਦਾ ਹੈ, ਉਸ ਮਨੁੱਖ ਨੂੰ ਤੇਰਾ ਦਰਸ਼ਨ ਵੀ ਹੋ ਜਾਂਦਾ ਹੈ ॥੫੭॥੧॥
and by remembering You, one's all suffering goes away and that person receives a vision of You. ||57||1||
जिस (प्रभु) का स्मरण करने से सारे कष्ट दूर हो जाते हैं तथा उस (प्रभु) का दर्शन भी हो जाता है ॥५७॥१॥